# ਤੇਰੇ ਜਾਣ ਤੋਂ ਬਾਅਦ

(ਕਾਵਿ-ਸੰਗ੍ਰਹਿ)

ਸੁਖਦੀਪ ਸੰਧੂ 'ਸੁੱਖੀ'

ਐੱਸ ਪੀ ਢੰਡਾ ਪਬਲੀਕੇਸ਼ਨਜ਼

ਕੋਟ ਕਲਾਂ, ਜਲੰਧਰ

***Tere Jaan Ton Baad***

*(Kaav-Sangreh)*

***Sukhdip Sandhu 'Sukhi'***

Sukhdip Sandhu
2, Elwin Road
Brampton, Ontario
L6X5G5
Canada
Email: sukhisandhu10@hotmail.com

ISBN: 978-81-950998-4-9

First Edition : 2016
Second Edition : 2021
**Rs: 200/- $5**
Published by:
**S P Dhanda Publications**
V.P.O. Kot Kalan
Distt. Jalandhar-144024
Email: spdhandapublications@gmail.com
Mobile: +91-9530644022
Printing and Bound in India

All rights reserved

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmit-ted in any form or by any means (electronic, mechanical, photo copying, recording or otherwise), without the prior written permission of both the copyright owner and the publisher of this book.

# ਵਿਛੜੀ ਭੈਣ ਦੇ ਨਾਂ



ਯਾਦ ਤੇਰੀ ਮੇਰੇ ਸੀਨੇ ਨਸ਼ਤਰ ਬਣ ਚੁੱਭੇ,
ਸਮਝ ਨਾ ਪਾਵਾਂ ਕੀ ਮੈਂ ਕਰਾਂ ਉਪਾਏ,
ਰਿਸ਼ਤਾ ਭੈਣ ਦਾ ਜੋ ਖ਼ਤਮ ਕਰ ਟੁਰ ਗਏ,
ਮੈਂ ਤੜਪਾਂ ਦਿਨ-ਰਾਤ ਤੇਰੀ ਯਾਦ ਸਤਾਏ ।

# ਕਿਤਾਬ ਦੀ ਤਰਤੀਬ


| | ਪੰਨਾ |
|---|---|
| 1. ਤੇਰੇ ਜਾਣ ਤੋਂ ਬਾਅਦ | 09 |
| 2. ਅਭੁੱਲ ਯਾਦ | 11 |
| 3. ਖਾਹਿਸ਼ | 13 |
| 4. ਝੂਠੇ ਰਿਸ਼ਤੇ | 15 |
| 5. ਉਡੀਕਾਂ | 17 |
| 6. ਚੀਸ | 18 |
| 7. ਬਦਲਦੇ ਰਿਸ਼ਤੇ | 20 |
| 8. ਸੱਧਰਾਂ | 22 |
| 9. ਇੰਤਜ਼ਾਰ | 24 |
| 10. ਤੱਕਣੀ | 25 |
| 11. ਦਿਲ ਦੀ ਸਾਂਝ-ਗੀਤ | 27 |
| 12. ਸ਼ਿਕਰਾ | 29 |
| 13. ਰਿਸ਼ਤੇ | 30 |
| 14. ਗਹਿਰੇ ਜ਼ਖ਼ਮ-ਗੀਤ | 31 |
| 15. ਖ਼ੁਦਕੁਸ਼ੀ | 33 |
| 16. ਆਖਰੀ ਸਲਾਮ-ਗੀਤ | 36 |
| 17. ਹਮਰਾਹੀ | 38 |
| 18. ਪਹਿਚਾਣ | 39 |
| 19. ਮਾਂ ਵਰਗੀ | 40 |
| 20. ਰੂਹ ਦਾ ਪੰਛੀ-ਗੀਤ | 42 |
| 21. ਬੇਚੈਨ ਦਿਲ | 43 |
| 22. ਦਰਦ ਅਵੱਲੜਾ | 44 |
| 23. ਅਰਜ਼ੋਈ | 45 |
| 24. ਬੇਟੀ ਦੀ ਤੜਪ | 47 |
| 25. ਕੁਝ ਸਵਾਲ | 48 |

| | ਪੰਨਾ |
|---|---|
| 26. ਅਹਿਸਾਸ | 49 |
| 27. ਨਜ਼ਰ | 50 |
| 28. ਤਲਾਸ਼ | 51 |
| 29. ਸੁਗਾਤ | 52 |
| 30. ਠੰਢੜੀ ਛਾਂ | 53 |
| 31. ਯਾਦ - ਗੀਤ | 55 |
| 32. ਮਾਂ ਦੀ ਪੀੜਾ-ਗੀਤ | 57 |
| 33. ਬਾਬਲ | 59 |
| 34. ਰਸਮਾਂ ਪਿਆਰ ਦੀਆਂ | 60 |
| 35. ਚੇਤਾ | 62 |
| 36. ਆਹ | 64 |
| 37. ਅਹਿਸਾਸ ਮੌਤ ਤੋਂ ਬਾਅਦ | 66 |
| 38. ਭੈਣ ਦੀ ਅਸੀਸ | 67 |
| 39. ਅਜੋਕੀ ਰੱਖੜੀ | 68 |
| 40. ਪੰਛੀ ਪੰਖੇਰੂ | 70 |
| 41. ਅਸਲੀ ਰਾਹ | 72 |
| 42. ਆਜਾ ਗੁਰੂ ਗੋਬਿੰਦ | 74 |
| 43. ਅਣਹੋਣੀ | 77 |
| 44. ਵਕਤ | 79 |
| 45. ਹਿਜ਼ਰ | 80 |
| 46. ਬੇਵਫ਼ਾਈ | 81 |
| 47. ਅਣਜੰਮੀ ਧੀ ਦੀ ਪੁਕਾਰ | 82 |
| 48. ਦਿਲ | 84 |
| 49. ਫਿਤਰਤ | 85 |

ਜਦੋਂ ਪਹਿਲੀ ਵਾਰ ਕਿੱਟੀ ਬੱਲ ਦੀਦੀ ਹੋਰੀਂ ਸੁਖਦੀਪ ਜੀ ਨਾਲ਼ ਮਿਲਾਇਆ ਮੈਨੂੰ ਇਹ ਬਿਲਕੁਲ ਨਹੀਂ ਲੱਗਾ ਕਿ ਇਹਨਾਂ ਨੇ ਵੀ ਕੁਝ ਲਿਖਿਆ ਹੋਵੇਗਾ, ਕਿਉਂਕਿ ਕਿੱਟੀ ਦੀਦੀ ਹੋਰੀਂ ਨੇ ਦੱਸਿਆ ਸੀ ਕਿ ਸੁਖਦੀਪ ਘੱਟ ਹੀ ਲੋਕਾਂ ਵਿੱਚ ਵਿਚਰਦੀ ਹੈ ਤੇ ਜ਼ਿਆਦਾਤਰ ਚੁੱਪ-ਚਾਪ ਆਪਣੇ ਹੀ ਮਤੇ ਵਿੱਚ ਰਹਿੰਦੀ ਹੈ, ਪਰ ਲਿਖਦੀ ਬਹੁਤ ਸੋਹਣਾ ਹੈ, ਇਹ ਉਦੋਂ ਪਤਾ ਲੱਗਿਆ ਜਦੋਂ ਮੈਂ ਉਹਨਾਂ ਦੀ ਲਿਖਤ ਟਾਈਪ ਕਰ ਰਿਹਾ ਸੀ।

ਉਹਨਾਂ ਦੇ ਕੁਝ ਸ਼ਿਅਰ ਮੈਨੂੰ ਬਹੁਤ ਵਧੀਆ ਲੱਗੇ ਮੈਂ ਨਾਲ਼ ਦੀ ਨਾਲ਼ ਹੀ ਦੀਦੀ ਹੋਰਾਂ ਨੂੰ ਦਾਦ ਵੀ ਦੇ ਰਿਹਾ ਸੀ ਕਿ ਇਹ ਸ਼ਿਅਰ ਬਹੁਤ ਵਧੀਆ ਹਨ ਦੀਦੀ ਜੀ; ਜਿਵੇਂ,

ਮੇਰਾ ਰੁੱਸਣਾ ਤੇਰਾ ਮਨਾਉਂਣਾ,
ਪਲਾਂ 'ਚ ਸਭ ਭੁੱਲ ਤੇਰਾ ਬਹਿਲਾਉਣਾ।

ਰੋ ਭਾਵੇਂ, ਕੁਰਲਾ ਲੱਖ ਵਾਰੀ,
ਜ਼ਿੰਦਗੀ ਗੁਜ਼ਰੇ ਇਵੇਂ ਸਾਰੀ।

ਝੂਠਿਆਂ ਰਿਸ਼ਤਿਆਂ ਦੀ ਦੁਨੀਆ ਚੋਂ,
ਸੱਚੇ-ਸੁੱਚੇ ਰਿਸ਼ਤੇ ਲੱਭਦੇ ਹਾਂ।

ਇਹੀ ਸਰਮਾਇਆ ਮੇਰਾ ਉਮਰ ਭਰ ਦਾ,
ਤੇਰਾ ਤੜਪਾਉਣਾ, ਮੇਰਾ ਤੜਪ ਜਾਣਾ।

ਪੱਲਾ ਮੌਤ ਨਾ ਫੜਿਆ ਮੇਰਾ, ਤੇਰੇ ਵਰਗੀ,
ਜ਼ਿੰਦਗੀ ਨਾ ਜੀ ਪਾਈ, ਉਹ ਮੇਰੇ ਵਰਗੀ।

ਦਿਲ਼ ਕਮਲੇ ਨੂੰ ਕਿਵੇਂ ਸਮਝਾਵਾਂ,
ਜ਼ਿੰਦਗੀ ਹੁੰਦੀ ਇੱਕ ਪਰਛਾਵਾਂ।

ਕਾਹਦੀ ਮਾਂ ਤੇ ਕਾਹਦੀਆਂ ਧੀਆਂ,
ਨਾ ਹੱਕ ਮੇਰਾ ਨਾ ਮੇਰੀਆ ਜਾਈਆਂ।

ਵਾਂਗ ਪਰਛਾਵੇਂ ਤੂੰ ਮੇਰੇ ਸੀਨੇ ਧੜਕੇ,
ਨਾ ਰਾਤਾਂ ਨੂੰ ਆਏ ਨਾ ਆਏ ਤੜਕੇ ।

ਮਿਲਿਆ ਨਾ ਦਰਦੀ ਜੋ ਸੀਨੇ ਲਾਏ,
ਮਾਂ-ਬਾਪ ਦਾ ਪਿਆਰ ਜੋ ਮੈਨੂੰ ਭੁਲਾਏ ।

ਜ਼ਿੰਦਗੀ ਲੰਘੀ ਤੈਨੂੰ ਯਾਦ ਕਰਦੇ,
ਯਾਦ ਵੀ ਰਹੀ ਨਾ ਮੇਰੀ ਬਣਕੇ ।

ਰੀਝਾਂ ਨਾਲ਼ ਦਿਲ ਨੀਹਾਂ ਭਰਕੇ,
ਆਪਣੇ ਦਿਲ ਇੱਕ ਮਹਿਲ ਪਾਏ ।

ਮਾਂ ਤੋਂ ਵੱਧ ਨਾ ਮੈਂ ਕਹਿਣਾ ਸਿੱਖੀ,
ਮੇਰੇ ਹਿੱਸੇ ਆਈ ਸਭ ਦੀ ਸਿੱਖੀ ।

ਨਦੀਆਂ ਚਿੱਟੇ ਦੀਆਂ ਪੰਜਾਬ 'ਚ ਵੱਗਦੀਆਂ,
ਰੁਜ਼ਗਾਰ ਨਾ ਲੱਭੇ ਨਸ਼ੇ ਆਮ ਲੱਭ ਜਾਂਦੇ ਨੇ ।

ਧੀ ਨਾ ਸਾਂਝੀ ਰਹੀ ਅੱਜ ਪਿੰਡ ਸਾਰੇ ਦੀ,
ਹੱਡ ਮਾਸ ਵਾਂਗ ਮੌਕਾ ਮਿਲੇ ਨੋਚਦੇ ਨੇ ।

ਪੰਜਾਬੀ ਸਾਹਿਤ ਵਿੱਚ ਸੁਖਦੀਪ ਸੰਧੂ 'ਸੁੱਖੀ' ਹੁਰਾਂ ਦੇ ਪਲੇਠੇ ਕਾਵਿ-ਸੰਗ੍ਰਹਿ "ਤੇਰੇ ਜਾਣ ਤੋਂ ਬਾਅਦ" ਨਾਲ਼ ਬਹੁਤ-ਬਹੁਤ ਸਵਾਗਤ ਹੈ। ਪ੍ਰਮਾਤਮਾ ਤੁਹਾਡੀ ਕਲਮ ਨੂੰ ਹੋਰ ਵਧੀਆ ਕਰੇ ਅਤੇ ਅੱਗੇ ਤੋਂ ਵੀ ਪੰਜਾਬੀ ਸਾਹਿਤ ਦੀ ਸੇਵਾ ਕਰਦੇ ਰਹੋ।

ਸੁਰਿੰਦਰ ਢੰਡਾ

ਮੇਰੇ ਨਾਨਾ ਜੀ ਅਤੇ ਦਾਦਾ ਜੀ ਆਜ਼ਾਦੀ ਘੁਲਾਟੀਏ ਸਨ। ਸੋ ਬਚਪਨ ਤੋਂ ਹੀ ਆਲ਼ੇ-ਦੁਆਲ਼ੇ ਦੀਆਂ ਸਮੱਸਿਆਵਾਂ ਨੂੰ ਕਾਫ਼ੀ ਮਹਿਸੂਸ ਕਰਦੀ ਸੀ। ਮੇਰੇ ਪਿਤਾ ਜੀ ਆਰਮੀ ਵਿੱਚ ਸਨ ਅਤੇ ਮੰਮੀ ਜੀ ਅਧਿਆਪਕ ਸਨ ਪਿਤਾ ਜੀ ਨੇ ਮੇਰਾ ਨਾਮ ਸੁਖਦੀਪ ਅਤੇ ਛੋਟਾ ਨਾਮ ਅਰੁਨਾ ਰੱਖਿਆ ਜ਼ਿਆਦਾਤਰ ਲੋਕ ਮੈਨੂੰ ਰੁਨਾ ਦੇ ਨਾਮ ਨਾਲ਼ ਜਾਣਦੇ ਹਨ ਅਤੇ ਕਵਿਤਾਵਾਂ ਵਿੱਚ ਮੈਂ ਸੁੱਖੀ ਲਿਖਦੀ ਹਾਂ। ਛੋਟੀ ਉਮਰ ਵਿੱਚ ਹੀ ਸੀ ਜਦੋਂ ਪਿਤਾ ਜੀ ਦੀ ਮੌਤ ਹੋ ਗਈ ਤੇ ਭਰਾ ਪਹਿਲਾਂ ਹੀ ਨਹੀਂ ਸੀ।

ਸੋ ਰਿਸ਼ਤਿਆਂ ਦੇ ਨਾਮ ਤੇ ਸਿਰਫ਼ ਮਾਂ ਅਤੇ ਇੱਕ ਭੈਣ ਹੀ ਰਹਿ ਗਈਆਂ। ਮੇਰੀ ਮੰਮੀ ਨੇ ਬਹੁਤ ਸਾਰੀਆਂ ਤਕਲੀਫ਼ਾਂ ਸਹਿੰਦੇ ਹੋਏ ਸਾਨੂੰ ਪਾਲਿਆ ਪਰ ਸਾਨੂੰ ਮਹਿਸੂਸ ਨਾ ਹੋਣ ਦਿੱਤਾ, ਸਾਨੂੰ ਹਮੇਸ਼ਾ ਪੜ੍ਹਾਈ ਕਰਨ ਤੇ ਸਾਹਿਤਕ ਕਿਰਿਆਵਾਂ ਵਿੱਚ ਭਾਗ ਲੈਣ ਲਈ ਉਤਸਾਹਿਤ ਕਰਦੇ ਰਹੇ। ਮੈਂ ਆਪਣੇ ਆਲ਼ੇ-ਦੁਆਲ਼ੇ ਦੀਆਂ ਘਟਨਾਵਾਂ, ਸਮਾਜਿਕ ਕੁਰੀਤੀਆਂ, ਸਮਾਜਿਕ ਠੋਕਰਾਂ, ਆਰਥਿਕ ਤੰਗੀਆਂ, ਰਿਸ਼ਤਿਆਂ ਦੀਆਂ ਤਰੇੜਾਂ ਆਦਿ ਨੂੰ ਬਹੁਤ ਮਹਿਸੂਸ ਕਰਦੀ ਅਤੇ ਕੁਝ ਨਾ ਕੁਝ ਲਿਖਦੀ ਰਹਿੰਦੀ। ਪਰ ਇੱਕ ਦਿਨ ਮੰਮੀ ਨੇ ਬਿਨਾਂ ਪੜ੍ਹਿਆਂ ਸਭ ਕੁਝ ਇਹ ਕਹਿ ਕੇ ਪਾੜ ਦਿੱਤਾ ਕਿ ਕੁੜੀਆਂ ਲਈ ਲਿਖਣਾ ਠੀਕ ਨਹੀਂ ਤੇ ਮੈਂ ਲਿਖਣਾ ਬੰਦ ਕਰ ਦਿੱਤਾ ਪਰ ਕਿਤੇ-ਕਿਤੇ ਕੋਈ ਪੰਨਾ ਕਾਲ਼ਾ ਕਰਦੀ ਰਹੀ।

ਮੰਮੀ ਦੀ ਪ੍ਰੇਰਨਾ ਸਦਕਾ ਮੈਂ ਸਰਕਾਰੀ ਹਾਈ ਸਕੂਲ ਨਵਾਂ ਕੋਟ ਤੋਂ ਦਸਵੀਂ, ਮਾਤਾ ਸਰੂਪ ਰਾਣੀ ਗੌਰਮਿੰਟ ਕਾਲਜ਼ ਤੋਂ ਬੀ. ਏ., ਖ਼ਾਲਸਾ ਕਾਲਜ਼ ਅੰਮ੍ਰਿਤਸਰ ਤੋਂ ਐਮ. ਏ. ਪੰਜਾਬੀ, ਖ਼ਾਲਸਾ ਕਾਲਜ਼ ਆਫ ਐਜੂਕੇਸ਼ਨ ਅੰਮ੍ਰਿਤਸਰ ਤੋਂ ਬੀ. ਐਡ. ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਐੱਮ. ਐਡ. ਕੀਤੀ। ਪੜ੍ਹਾਈ ਦੌਰਾਨ ਮੈਂ ਸਾਹਿਤਕ ਕਿਰਿਆਵਾਂ ਜਿਵੇਂ ਗਿੱਧਾ, ਸ਼ਬਦ ਗਾਇਨ, ਕਵਿਤਾਵਾਂ ਮੁਕਾਬਲੇ ਆਦਿ ਵਿੱਚ ਭਾਗ ਲੈਂਦੀ ਰਹੀ ਤੇ ਕਈ ਇਨਾਮ ਪ੍ਰਾਪਤ ਕੀਤੇ। ਪੜ੍ਹਾਈ ਦੌਰਾਨ ਮੈਂ ਐਨ. ਐਸ. ਐਸ. ਤੇ ਐਨ. ਸੀ. ਸੀ. ਦੀ ਵੀ ਸਰਗਰਮ ਮੈਂਬਰ ਰਹੀ।

ਐਮ. ਏ. ਪੰਜਾਬੀ ਕਰਦਿਆਂ ਮੇਰੀ ਮੁਲਾਕਾਤ ਮਹਿੰਦਰ ਸਿੰਘ ਤੇਜ (ਸਰ) ਨਾਲ਼ ਹੋਈ ਤੇ ਉਹਨਾਂ ਨੂੰ ਜਦੋਂ ਮੈਂ ਆਪਣੀ ਕਵਿਤਾ 'ਤਮੰਨਾ' ਪੜ੍ਹ ਕੇ ਸੁਣਾਈ ਤਾਂ ਉਹ ਬਹੁਤ ਖ਼ੁਸ਼ ਹੋਏ ਤੇ ਉਹਨਾਂ ਮੈਨੂੰ ਇਹ ਕਵਿਤਾ ਯੂਥ ਫੈਸਟੀਵਲ ਵਿੱਚ ਬੋਲਣ ਲਈ ਉਤਸ਼ਾਹਿਤ ਕੀਤਾ। ਉਹਨਾਂ ਦੀ ਪ੍ਰੇਰਨਾ ਸਦਕਾ ਮੈਂ ਕਵਿਤਾ ਸਟੇਜ਼ 'ਤੇ ਬੋਲੀ ਤੇ ਕਾਫ਼ੀ ਵਾਹ-ਵਾਹ ਖੱਟੀ। ਐਮ. ਏ. ਪੰਜਾਬੀ ਕਰਦਿਆਂ ਹੀ ਮੇਰੀ ਮੁਲਾਕਾਤ ਸਹਿਪਾਠੀ ਦੇ ਤੌਰ 'ਤੇ ਕੁਲਦੀਪ (ਕਿੱਟੀ ਬੱਲ) ਨਾਲ਼ ਹੋਈ ਪਹਿਲਾਂ ਦੋਸਤੀ ਤੇ ਫਿਰ ਭੈਣਾਂ ਨਾਲ਼ੋਂ ਵੱਧ ਪਿਆਰ ਤੇ ਇਹ ਨੇੜਤਾ ਅੱਜ ਵੀ ਬਰਕਰਾਰ ਹੈ। ਕੁਲਦੀਪ ਦੇ ਵਿਆਹ ਤੋਂ ਬਾਅਦ ਬੋਹੜ ਬੱਲ ਭਰਾ ਦੇ ਰੂਪ ਵਿੱਚ ਮਿਲ਼ੇ

ਜਿਹਨਾਂ ਮੈਥੋਂ ਰੱਖੜੀ ਬਨਾ ਮੈਨੂੰ ਭੈਣ ਦਾ ਦਰਜ਼ਾ ਦਿੱਤਾ।

ਕੁਝ ਸਮਾਂ ਨਹਿਰੂ ਯੁਵਾ ਕੇਂਦਰ ਨਾਲ਼ ਵੀ ਕੰਮ ਕੀਤਾ ਤੇ ਕਈ ਸਮਾਜਿਕ ਸੇਵਾਵਾਂ ਜਿਵੇਂ ਪ੍ਰੌੜ੍ਹ ਸਿੱਖਿਆ ਕੇਂਦਰ, ਸਿਲਾਈ ਸੈਂਟਰ, ਪਿੰਡ ਦੀਆਂ ਗ਼ਲੀਆਂ-ਨਾਲ਼ੀਆਂ ਦੀ ਸਫ਼ਾਈ ਲੋਕਾਂ ਨੂੰ ਛੋਟੇ ਵਿਉਪਾਰ ਤੇ ਬੈਂਕ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ ਅਤੇ ਬਹੁਤ ਸਾਰੇ ਨੈਸ਼ਨਲ ਇੰਟੀਗਰੇਸ਼ਨ ਕੈਂਪ ਵਿੱਚ ਮੁੰਡਿਆਂ-ਕੁੜੀਆਂ ਦੀਆਂ ਟੀਮਾਂ ਲੈ ਕੇ ਦੂਜੇ ਰਾਜਾਂ ਵਿੱਚ ਕੈਂਪ ਲਗਾਏ ਤੇ ਕਲਚਰਲ

ਪ੍ਰੋਗਰਾਮ ਵਿੱਚ ਕਈ ਮੱਲਾਂ ਮਾਰੀਆਂ।

ਇਸ ਤੋਂ ਬਾਅਦ ਮੈਨੂੰ ਬਤੌਰ ਸੋਸ਼ਲ ਸਟੱਡੀ ਅਧਿਆਪਕ ਦੀ ਸ੍ਰ: ਹਾਈ ਸਕੂਲ ਬੱਲ ਕਲਾਂ, ਅੰਮ੍ਰਿਤਸਰ ਵਿਖੇ ਨੌਕਰੀ ਮਿਲ਼ ਗਈ ਤੇ ਉਸ ਤੋਂ ਬਾਅਦ ਮੈਂ ਸ੍ਰ: ਹਾਈ ਸਕੂਲ ਕਟੜਾ ਕਰਮ ਸਿੰਘ, ਅੰਮ੍ਰਿਤਸਰ ਵਿਖੇ ਸੇਵਾ ਨਿਭਾਣ ਲੱਗੀ। ਆਪਣੇ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾ਼ਲ-ਨਾ਼ਲ ਸਾਹਿਤਿਕ ਕਿਰਿਆਵਾਂ ਵਿੱਚ ਭਾਗ ਲੈਣ ਲਈ ਉਤਸ਼ਾਹਿਤ ਕੀਤਾ। ਬੱਚਿਆਂ ਦੀਆਂ ਟੀਮਾਂ ਤਿਆਰ ਕਰਵਾਉਂਦੀ ਤੇ ਮੇਰੇ ਵਿਦਿਆਰਥੀਆਂ ਨੇ ਕਈ ਇਨਾਮ ਪ੍ਰਾਪਤ ਕੀਤੇ। ਸ੍ਰ: ਹਾਈ ਸਕੂਲ ਕਟੜਾ ਕਰਮ ਸਿੰਘ ਮੈਨੂੰ ਪਿਆਰੀ ਸਹੇਲੀ ਬਲਜਿੰਦਰ ਮਿਲ਼ੀ ਭਰਾ ਦੇ ਰੂਪ ਵਿੱਚ ਮਾਸਟਰ ਜਗਨਨਾਥ ਜਿਹਨਾਂ ਮੈਨੂੰ ਸ਼ਬਦ ਗਾਇਨ ਦੀ ਸਿੱਖਿਆ ਵੀ ਦਿੱਤੀ ਭੈਣਾਂ ਦੇ ਰੂਪ ਵਿੱਚ ਮਨਮੋਹਨ ਮੈਡਮ, ਪ੍ਰੋਮਿਲਾ ਮੈਡਮ ਅਤੇ ਇੱਕ ਪਿਆਰੀ ਵੱਡੀ ਭੈਣ ਦੇ ਰੂਪ ਵਿੱਚ ਮੈਡਮ ਸ਼ਿਮਲਾ (ਪੀ. ਟੀ.ਆਈ) ਮਿਲ਼ੇ ਜਿਹਨਾਂ ਹਰ ਕਦਮ 'ਤੇ ਮੇਰੀ ਅਗਵਾਈ ਕੀਤੀ ਮੇਰਾ ਸਾਥ ਦਿੱਤਾ, ਮੈਨੂੰ ਰਾਹ ਦਿਖਾਇਆ ਤੇ ਆਪਣੀਆਂ ਸੁੱਘੜ ਸਿਆਣੀਆਂ ਸਲਾਹਾਂ ਨਾ਼ਲ ਜੀਣ ਦਾ ਢੰਗ ਸਿਖਾਇਆ।

ਮੇਰਾ ਵਿਆਹ ਸ੍ਰ: ਅਮਰੀਕ ਸਿੰਘ ਸੰਧੂ ਹੁਰਾਂ ਨਾ਼ਲ ਹੋਇਆ ਤੇ ਪ੍ਰਮਾਤਮਾ ਨੇ ਅਮਿੱਟ ਸੰਧੂ, ਅਮੁੱਕ ਸੰਧੂ ਅਤੇ ਬੇਟੀ ਸਿਮਰਨ ਸੰਧੂ ਮੇਰੀ ਝੋ਼ਲੀ ਪਾਏ, ਜ਼ਿੰਦਗੀ ਬੜੀ ਖ਼ੁਸ਼ਹਾਲ ਸੀ ਕਿ ਬੇਰੁਖੀਆਂ, ਠੋਕਰਾਂ, ਤਾਹਨੇ-ਮਿਹਣੇ ਤੇ ਰਿਸ਼ਤਿਆਂ ਦੀਆਂ ਕਮੀਆਂ ਨੂੰ ਮੈਂ ਫੇਰ ਤੋਂ ਅੱਖਰਾਂ 'ਚ ਪਰੋਣ ਲੱਗੀ ਮੈਂ ਲਿਖਣ ਵੱਲ ਰੁਖ਼ ਕਰ ਲਿਆ ਪਰ ਲੋਕਾਂ ਤੋਂ ਸਭ ਛੁਪਾਉਂਦੇ ਹੋਏ।
ਕੁਲਦੀਪ (ਕਿੱਟੀ ਬੱਲ) ਤੇ ਬੋਹੜ ਭਾਜੀ ਨੇ ਜ਼ੋਰ ਪਾ ਕੇ ਕਿਤਾਬ ਛਪਵਾਉਣ ਲਈ ਕਿਹਾ ਤੇ ਮੈਂ ਜ਼ਿੰਦਗੀ ਦੇ ਕਈ ਰੰਗ, ਕੌੜੀਆਂ, ਮਿੱਠੀਆਂ ਯਾਦਾਂ, ਸਮਾਜਿਕ ਦੁੱਖ ਤਕਲੀਫ਼ਾਂ ਨੂੰ ਸ਼ਬਦਾਂ ਵਿੱਚ ਪਰੋ ਕੇ ਕਵਿਤਾਵਾਂ ਦੇ ਰੂਪ ਕਿਤਾਬ ਲੋਕ ਅਰਪਣ ਕਰਨ ਦਾ ਉਪਰਾਲਾ ਕੀਤਾ ਉਮੀਦ ਕਰਦੀ ਹਾਂ ਕਿ ਮੇਰੀ ਇਹ ਕੋਸ਼ਿਸ਼ ਨੂੰ ਤੁਸੀਂ ਭਰਵਾਂ ਹੁੰਗਾਰਾ ਦਿਉਗੇ ਤੇ ਆਪਣੀਆਂ ਨੇਕ ਸਲਾਹਾਂ ਤੇ ਵਿਚਾਰ ਦੱਸ ਕੇ ਮੈਨੂੰ ਹੌਸਲਾ ਤੇ ਅੱਗੇ ਵੱਧਣ ਦਾ ਰਾਹ ਦਰਸਾਉਗੇ।

ਮੈਂ ਸੁਰਿੰਦਰ ਢੰਡਾ ਵੀਰ ਦੀ ਵੀ ਤਹਿ ਦਿਲੋਂ ਧੰਨਵਾਦੀ ਹਾਂ ਜਿਹਨਾਂ ਨੇ ਥੋੜ੍ਹੇ ਜਿਹੇ ਸਮੇਂ ਵਿੱਚ ਹੀ ਬੜੀ ਮਿਹਨਤ ਤੇ ਲਗਨ ਨਾ਼ਲ ਮੇਰੇ ਅੱਖਰਾਂ ਨੂੰ ਕਵਿਤਾਵਾਂ ਦੇ ਰੂਪ ਵਿੱਚ ਇਕੱਤਰ ਕਰਕੇ ਮੇਰੀ ਪਲੇਠੀ ਕਿਤਾਬ "ਤੇਰੇ ਜਾਣ ਤੋਂ ਬਾਅਦ" ਦੇ ਰੂਪ ਵਿੱਚ ਤੁਹਾਡੇ ਸਾਮਣੇ ਪੇਸ਼ ਕਰਨ ਦਾ ਉਪਰਾਲਾ ਕੀਤਾ ਪ੍ਰਮਾਤਮਾ ਉਹਨਾਂ ਨੂੰ ਹੋਰ ਹਿੰਮਤ ਦੇਵੇ ਖ਼ੁਸ਼ੀਆਂ ਦੇਵੇ ਤੇ ਪ੍ਰਮਾਤਮਾ ਸਭ ਨੂੰ ਦਿਲ ਦਾ ਸਕੂਨ ਤੇ ਸੁੱਖ ਦੇਵੇ। ਮੈਂ ਇਹ ਕਿਤਾਬ 2016 ਵਿੱਚ ਛਪਵਾਈ ਸੀ ਤੇ ਇਸ ਦੇ ਅਗਲੇ ਅਡੀਸ਼ਨ ਵਿੱਚ ਕੁਝ ਸੁਧਾਰ ਕੀਤੇ ਹਨ ਤੇ ਕੁਝ ਨਵੀਂਆਂ ਕਵਿਤਾਵਾਂ ਵੀ ਸ਼ਾਮਿਲ ਕੀਤੀਆਂ ਹਨ । ਆਪ ਸਭ ਦੀਆਂ ਚੰਗੀਆਂ ਸਲਾਹਾਂ ਦੀ ਉਡੀਕ ਵਿੱਚ ....

ਸੁਖਦੀਪ ਸੰਧੂ 'ਸੁੱਖੀ' (ਰੁਨਾ ਸੰਘਾ)

# ਤੇਰੇ ਜਾਣ ਤੋਂ ਬਾਅਦ

ਤੇਰੇ ਨਾਲ਼ ਗੁਜ਼ਾਰੇ ਸਾਰੇ ਪਲ,
ਯਾਦ ਬੜਾ ਆਉਂਦੇ ਨਿਆਰੇ ਪਲ।

ਮਿਲ ਹੱਸਣਾ, ਰੋਣਾ ਤੇ ਡੁੱਸਣਾ,
ਇਕੱਠੇ, ਖੇਡ, ਲੜਨਾ ਤੇ ਰੁੱਸਣਾ।

ਮੇਰਾ ਰੁੱਸਣਾ ਤੇਰਾ ਮਨਾਉਂਣਾ,
ਪਲਾਂ 'ਚ ਭੁੱਲ ਤੇਰਾ ਬਹਿਲਾਉਣਾ।

ਹੁਣ ਸਿਰਫ਼ ਤੇਰੀ ਯਾਦ ਆਵੇ,
ਤੂੰ ਨਾ ਆਵੇਂ ਬੜਾ ਹੀ ਸਤਾਵੇ।

ਯਾਦ ਕਰੇ ਦਿਲ, ਰੋਵੇ, ਕੁਰਲਾਵੇ,
ਸੁਪਨੇ ਵਿੱਚ ਵੀ ਤੈਨੂੰ ਬੁਲਾਵੇ।

ਸੁਪਨੇ ਵਿੱਚ ਜਦੋਂ ਤੂੰ ਆਵੇ,
ਲੱਗ ਸੀਨੇ ਠੰਡ ਦਿਲ ਨੂੰ ਪਾਵੇਂ।

ਬਾਹਾਂ ਵਿੱਚ ਜਕੜਾਂ ਇੰਝ ਤੈਨੂੰ,
ਜਾਣ ਨਾ ਦੇਵਾਂ ਕਿਤੇ ਵੀ ਤੈਨੂੰ।

ਅੱਖੋਂ ਓਹਲੇ ਹੋਣ ਨਾ ਦੇਵਾਂ,
ਪਲ ਵਿਛੋੜਾ ਪਾਉਣ ਨਾ ਦੇਵਾਂ।

ਟੁੱਟਿਆ ਸੁਪਨਾ ਹੱਥੋਂ ਫਿਸਲੀ,
ਦਿਲ ਅੰਦਰੋਂ ਇੱਕ ਹੂਕ ਨਿਕਲੀ।

ਹਾਏ ਭੈਣੇ ਕਿਤੇ ਤੂੰ ਨਾ ਜਾਂਦੀ,
ਇਹ ਦਰਦ ਅਵੱਲੜੇ ਦੇ ਨਾ ਜਾਂਦੀ।

# ਅਭੁੱਲ ਯਾਦ

ਜ਼ਖ਼ਮ ਸਦਾ ਇਹ ਰਿਸਦੇ ਰਹਿਣੇ,
ਅਥਰੂ ਬਣ ਅੱਖੀਆਂ 'ਚੋਂ ਵਹਿਣੇ।

ਲੋਕ ਬੜਾ ਸਮਝਾਵਣ ਮੈਨੂੰ,
ਸਹਿਣਾ ਪੈਣਾ ਇਹ ਸਭ ਤੈਨੂੰ।

ਰੋ ਭਾਵੇਂ, ਕੁਰਲਾ ਲੱਖ ਵਾਰੀ,
ਜ਼ਿੰਦਗੀ ਗੁਜ਼ਰੇ ਇਵੇਂ ਸਾਰੀ।

ਬੀਤਿਆ ਵੇਲਾ ਹੱਥ ਨਾ ਆਉਣਾ,
ਦਿਲ ਨੂੰ ਪੈਣਾ ਇਹ ਸਮਝਾਉਣਾ।

ਕੁਝ ਨੀ ਬਣਨਾ ਹਉਕੇ ਭਰ ਕੇ,
ਜੀਣਾ ਪੈਣਾ ਇਹ ਸਭ ਜਰ ਕੇ।

ਕਰ ਸਬਰ ਆਪੇ ਨੂੰ ਸਮਝਾਵਾਂ,
ਯਾਦ ਉਹਦੀ ਨੂੰ ਸੀਨੇ ਲਾਵਾਂ।

ਦਿਨ ਤਾਂ ਬੀਤ ਦੇ, ਜਾਣ ਹਜ਼ਾਰਾਂ,
ਜ਼ਿੰਦਗੀ ਹਉਕਿਆਂ 'ਚ ਗੁਜ਼ਾਰਾਂ।

ਭੁੱਲਣਾ ਚਾਹਾਂ ਭੁੱਲ ਨਾ ਸਕਾਂ,
ਹਉਕੇ ਖੁੱਲ ਕੇ ਭਰ ਨਾ ਸਕਾਂ।

ਮਰਨਾ ਚਾਹੁੰਦੀ, ਪਰ ਮਰ ਨਾ ਸਕਾਂ,
ਦਰਦ ਆਪਣਾ ਵੀ ਦੱਸ ਨਾ ਸਕਾਂ।

ਅਭੁੱਲ ਯਾਦ ਜੋ ਦਿਲ ਸਾਂਭ ਸੋਈ,
ਜ਼ਿੰਦਗੀ ਸੁਪਨੇ 'ਚ ਵੀ ਰੋਈ।

# ਖ਼ਾਹਿਸ਼

ਤੂੰ ਗ਼ੈਰਾਂ ਦਾ, ਗ਼ੈਰ ਨੇ ਤੇਰੇ,
ਮੇਰੇ ਹਿੱਸੇ ਆਏ ਨ੍ਹੇਰੇ।

ਵੇਲਾ ਕਦੇ ਵੀ ਹੱਥ ਨਾ ਆਵੇ,
ਫੇਰ ਕਿਉਂ ਸੀਨੇ ਨਾਲ਼ ਨਾ ਲਾਵੇ।

ਦਿਲ ਮੇਰਾ ਤਾਂ ਇਵੇਂ ਹੁਣ ਧੜਕੇ,
ਜਿਵੇਂ ਪਿੰਜ਼ਰੇ 'ਚ ਪੰਛੀ ਫੜਕੇ।

ਸਾਹ ਜਦ ਆਵੇ ਨਾਂ ਤੇਰਾ ਲਵੇ,
ਤੈਨੂੰ ਯਾਦ ਨਾ ਆਵੇ ਇਹੀ ਕਵੇ।

ਯਾਦ ਮੇਰੀ ਕਿਤੇ ਤੈਨੂੰ ਆਵੇ,
ਤੇਰੇ ਦਿਲ ਨੂੰ ਇਹ ਤੜਫਾ ਜਾਵੇ।

ਤੂੰ ਵੀ ਕਿਧਰੇ ਸਕੂਨ ਨਾ ਪਾਵੇ,
ਮੈਨੂੰ ਵੀ ਕਿਤੇ ਚੈਨ ਨਾ ਆਵੇ।

ਮਾਹੀ ਮੁੜ ਕਦੇ ਦੇਸ਼ ਜੇ ਆਵੇ,
ਅੱਖੀਆਂ ਦੀ ਪਿਆਸ ਬੁਝਾਵੇ।

ਤ੍ਰਿਪਤ ਹੋਵਣ ਸੁੰਨੀਆਂ ਅੱਖਾਂ,
ਸੱਜਣ ਦੀਦ ਹੋਵੇ ਤਾਂ ਸੌਵਣ ਅੱਖਾਂ।

ਸ਼ਾਇਦ ਨਾ ਹੁਣ ਕਦੇ 'ਸੁੱਖੀ' ਮਿਲੇ,
ਛੱਡਦੇ ਮਨਾਂ ਤੂੰ ਵੀ ਕਰਨੇ ਗਿਲੇ।

# ਝੂਠੇ ਰਿਸ਼ਤੇ

ਝੂਠਿਆਂ ਰਿਸ਼ਤਿਆਂ ਦੀ ਦੁਨੀਆਂ 'ਚੋਂ,
ਸੱਚੇ-ਸੁੱਚੇ ਰਿਸ਼ਤੇ ਲੱਭਦੇ ਹਾਂ।

ਆਪਣਿਆਂ ਦੇ ਦਿਲ 'ਚੋਂ ਅੱਜ,
ਆਪਣੇ ਆਪ ਨੂੰ ਲੱਭਦੇ ਹਾਂ।

ਢਲ਼ਦੀ ਉਮਰ ਦੇ ਪਰਛਾਵੇਂ ਵਿੱਚੋਂ,
ਉਮਰ ਭਰ ਦੇ ਹਿਸਾਬ ਲੱਭਦੇ ਹਾਂ।

ਕਿਧਰੇ ਉਹ ਦਿਨ ਲੱਭ ਜਾਣ,
ਜਿਨ੍ਹਾ ਨੂੰ ਅੱਜ ਵੀ ਲੱਭਦੇ ਹਾਂ।

ਨਾ ਕੋਈ ਆਪਣਾ ਸਭ ਬਿਗਾਨੇ,
ਆਪਣਾ ਕੋਈ ਹੋਵੇ ਲੱਭਦੇ ਹਾਂ।

ਜ਼ਿੰਦਗੀ ਦੇ ਰਾਹਾਂ ਵਿੱਚ ਬਿੱਖਰੇ,
ਮੰਜ਼ਲ ਮਿਲ਼ੇ ਰਸਤੇ ਲੱਭਦੇ ਹਾਂ।

ਬਾਗ ਪਿਆ ਸਾਰਾ ਮੁਰਝਾਇਆ,
ਮਹਿਕ ਬਹਾਰ ਫਿਰ ਵੀ ਲੱਭਦੇ ਹਾਂ।

ਬਹਾਰ ਤੋਂ ਪਹਿਲਾਂ ਪੱਤਝੜ ਆਈ,
ਬਹਾਰ ਕਦੋਂ ਆਊ ਲੱਭਦੇ ਹਾਂ।

ਦਿਲ ਤਾਂ ਪਿਆ ਦਰਦ 'ਚ ਧੁੱਖਦਾ,
ਦਰਦ ਜਾਣੇ ਦਰਦੀ ਲੱਭਦੇ ਹਾਂ।

ਇੱਕਲਾਪੇ ਦਿਲ ਵਿਰਾਨ ਹੈ ਕੀਤਾ,
ਰੌਣਕਾਂ ਵਿਹੜੇ ਦੀਆਂ ਲੱਭਦੇ ਹਾਂ।

# ਉਡੀਕਾਂ

ਯਾਦ ਤੇਰੀ ਦੇ ਸਰਹਾਣੇ
ਬੈਠ ਹੰਭ ਗਏ
ਤੈਨੂੰ ਭੁਲਾਣ ਦਾ
ਯਤਨ ਕਰ
ਆਪੇ ਨੂੰ ਭੁੱਲ ਗਏ
ਤੂੰ ਗ਼ੈਰਾਂ ਦਾ ਬਣਕੇ
ਜ਼ਿੰਦਗੀ ਆਪਣੀ ਮਾਣੇਂ
ਅਸੀਂ ਉਡੀਕਾਂ 'ਚ ਬੈਠੇ
ਗਿਣਦੇ ਗਏ
ਪਲ ਜ਼ਿੰਦਗੀ ਦੇ
ਮੁੱਕੀਆਂ ਗਿਣਤੀਆਂ
ਉਡੀਕਾਂ ਦੇ ਦਿਨ ਨਾ ਮੁੱਕੇ
ਤੂੰ ਨਾ ਆਇਆ
ਪਲ ਮੁੱਕੇ
ਉਡੀਕ ਨਾ ਮੁੱਕੇ।

# ਚੀਸ

ਆਪਣਿਆਂ ਨੂੰ ਲੱਭਦੀ ਰਹਿ ਗਈ,
ਪੀੜ ਅਵੱਲੀ ਪੱਲੇ ਰਹਿ ਗਈ।

ਇੱਕ ਚੀਸ ਇੰਝ ਦਿਲ ਖਹਿ ਗਈ,
ਵਿੱਚ ਪਰਦੇਸਾਂ 'ਕੱਲੀ ਰਹਿ ਗਈ।

ਵਾਰੋਵਾਰੀ ਸਭ ਛੱਡਦੇ ਗਏ,
ਤਰਲੇ ਮਿੰਨਤਾਂ ਕਰਦੀ ਰਹਿ ਗਈ।

ਸਭ ਤੁਹਮਤਾਂ ਸਿਰ ਮੜ੍ਹਦੇ ਗਏ,
ਜ਼ਿੰਦਗੀ ਦੁੱਖੜੇ ਸਹਿੰਦੀ ਰਹਿ ਗਈ।

ਮਾਣ ਟੁੱਟਾ ਦਿਲ ਚੂਰ ਹੋਇਆ,
ਜ਼ਿੰਦੜੀ ਸੋਚਾਂ ਬੁਣਦੀ ਰਹਿ ਗਈ।

ਇੱਕ ਵੇਲਾ ਸੀ ਆਪਣੇ, ਆਪਣੇ ਸੀ,
ਕਿਉਂ ਰੁੱਖ ਤਕਦੀਰ ਮੋੜ ਰਹਿ ਗਈ।

ਕੀ ਹੋਇਆ ਸਮਝ ਕੁਝ ਨਾ ਆਇਆ,
ਇਉਂ ਸਾਹਾਂ 'ਚ ਸਾਹ ਭਰਦੀ ਰਹਿ ਗਈ।

ਨੇੜੇ-ਨੇੜੇ ਭਾਵੇਂ ਸਭ ਵੱਸਦੇ ਗਏ,
ਦਿਲ ਸਾਂਝ ਨਾ ਕਿਧਰੇ ਰਹਿ ਗਈ।

ਭੁੱਲ ਸਭ ਹੁਣ ਕੋਹਾਂ ਦੂਰ ਗਏ,
ਜ਼ਿੰਦ ਧਰਵਾਸੇ ਭਾਲਦੀ ਰਹਿ ਗਈ।

# ਬਦਲਦੇ ਰਿਸ਼ਤੇ

ਇਕਨਾ ਹਿੱਸੇ ਜ਼ਮੀਨਾਂ, ਮਹਿਲ, ਮਾੜੀਆਂ,
ਇਕਨਾ ਹਿੱਸੇ ਧੱਕੇ, ਧੌਲ਼ੇ, ਝਾੜੀਆਂ।

ਬਾਪੂ ਜਿਨ੍ਹੇ ਖ਼ੁਸ਼ੀ 'ਚ ਮਾਰੀਆਂ ਤਾੜੀਆਂ,
ਹੁਣ ਬਾਪੂ ਗਾਲ਼ਾਂ ਨਾਲ਼ ਹਿੱਕਾਂ ਸਾੜੀਆਂ।

ਗੱਲ ਤਾਂ ਇੰਨੀ ਹੀ ਸੀ, ਤੈਥੋਂ ਬਾਪੂ,
ਕੁੱਲੀ ਪਾਉਣ ਲਈ ਥਾਂ ਮੰਗੀ ਬਾਪੂ।

ਜ਼ਮੀਨ ਮੈਨੂੰ ਦੇ, ਮੈਂ ਵੀ ਕੁੱਲੀ ਪਾਵਾਂ,
ਪਿੰਡ ਆਪਣੇ ਮੈਂ, ਆਪਣਾ ਘਰ ਬਣਾਵਾਂ।

ਮੇਰਾ ਵੀ ਮਾਂ ਦੇ ਹਿੱਸੇ ਨੂੰ ਜੀ ਕਰਦਾ,
ਮਹਿਸੂਸ ਕਰਾਂ ਜਾਇਆ ਇਸੇ ਘਰ ਦਾ।

ਪਿੰਡ ਲੱਗੇ ਆਪਣਾ, ਨਾ ਲੱਗੇ ਪਰਾਇਆ,
ਨਾ ਸਮਝਣ ਆਪਣਾ, ਸਮਝਣ ਪਰਾਇਆ।

ਕਹਿੰਦੇ ਇਹਨੇ ਕੀ ਕਰਨਾ ਹੈ ਚੁਬਾਰਾ,
ਅੱਜ ਏਥੇ ਕਿੰਨੇ ਆਉਣਾ ਹੈ ਦੁਬਾਰਾ।

ਭਰਾਵਾਂ ਨੂੰ ਤੂੰ ਵੰਡੇ ਮਹਿਲ ਮਾੜੀਆਂ,
ਮੇਰੇ ਪੱਲੇ ਕੀ ਪਾਇਆ ਇਹ ਝਾੜੀਆਂ।

ਨਾ ਇਹ ਘਰ ਤੇਰਾ ਨਾ ਇਹ ਪਿੰਡ ਤੇਰਾ,
ਘਰ ਆਵੀਂ ਨਾ ਇਹ ਹੁਕਮ ਮੈਨੂੰ ਤੇਰਾ।

ਪਿੰਡੋਂ ਕੱਢਿਆ, ਦਿਲੋਂ ਕੱਢਿਆ ਮੈਨੂੰ,
ਦੱਸ ਕਿਵੇਂ ਆਖਾਂ ਮੈਂ ਹੁਣ ਬਾਪੂ ਤੈਨੂੰ।

ਜਿਹੜੇ ਪੁੱਤਰਾਂ ਤੈਂ ਕਰਜ਼ਾਈ ਕੀਤਾ,
ਉਹ ਹੀ ਆਪਣੇ ਮੈਨੂੰ ਤੈਂ ਦੂਰ ਕੀਤਾ।

ਇੱਕ ਧੇਲਾ ਕਦੇ ਨਾ ਤੈਥੋਂ ਮੰਗਿਆ,
ਇੱਕ ਟੁਕੜੇ ਖਾਤਰ ਮੈਂ ਬਿਗਾਨਾ ਕੀਤਾ।

ਸਾਂਭ ਜ਼ਮੀਨਾਂ ਨਾਲ਼ੇ ਪੁੱਤ ਆਪਣੇ,
ਮੈਂ ਪਰਦੇਸੀ, ਤੈਂ ਮੈਨੂੰ ਪਰਦੇਸੀ ਕੀਤਾ।

# ਸੱਧਰਾਂ

ਲਾਡਾਂ ਨਾਲ਼ ਪਾਲਿਆ ਸੀ ਜੋ ਪੁੱਤ,
ਨਸ਼ਾ ਬਣਾਇਆ, ਉਸ ਆਪਣਾ ਮਿੱਤ,
ਨਸ਼ੇ 'ਚ ਜ਼ਿੰਦਗੀ ਗਰਕ ਕਰ ਲਈ,
ਨਾ ਕੋਈ ਆਪਣਾ ਰਿਹਾ ਨਾ ਮਿੱਤ।

ਬਦਕਿਸਮਤ ਬੇਬਸ ਮਾਂ ਹੈ ਉਸਦੀ,
ਨਾਲ਼ ਰੀਝਾਂ ਜਿਨ੍ਹੇ ਪਾਲ਼ਿਆ ਸੀ,
ਭੈਣ ਵੀਰ ਤੋਂ ਸੱਖਣੀ ਹੋ ਗਈ,
ਜਿੰਨ੍ਹੇ ਸੁੱਖਾਂ ਨਾਲ਼ ਵੀਰ ਲਿਆ ਸੀ।

ਪਿਓ ਵੀ ਅੰਦਰ ਵੜ-ਵੜ ਝੂਰੇ,
ਨਸ਼ੇ ਕਾਲਜੇ ਜਦ ਹੱਥ ਪਾਇਆ,
ਪੁੱਤ ਫਿਸਲਦਾ ਵੇਖ ਹੱਥਾਂ 'ਚੋਂ,
ਡੇਰੇ ਕਰਦਾ ਦੁਆਵਾਂ ਪਾਇਆ ।

ਵਕਤ ਪੁੱਤ ਦਾ ਹੁਣ ਨੇੜੇ ਆਇਆ,
ਭੇਤ ਉਸਦਾ ਅੰਦਰ ਲੁਕਾਇਆ,
ਬਾਪੂ ਅੰਦਰ ਵੜ ਰੋਂਦੇ ਨੇ ਹੁਣ,
ਇਉਂ ਆਪਣਾ-ਆਪ ਗੁਵਾਇਆ।

ਨਸ਼ੇ ਦੇ ਠੇਕੇਦਾਰਾਂ ਨੂੰ ਸਮਝਾਓ,
ਕਿਉਂ ਚਿੱਟੇ ਦੀ ਖੇਡ ਰਚਾਈ ਏ,
ਅੱਗ ਅੱਜ ਬਿਗਾਨੇ ਘਰ ਨੂੰ ਲੱਗੀ,
ਕੱਲ੍ਹ ਆਪਣੇ ਘਰ ਮੱਚ ਜਾਣੀ ਏ।

ਮਾਂ ਵਿਉਪਾਰੀ ਦੀ ਹੋਵੇ ਭਾਵੇਂ,
ਧੂਹ ਕਲੇਜੇ ਬਰਾਬਰ ਪੈਂਦੀ ਏ,
ਪੁੱਤ ਜਦੋਂ ਤੁਰ ਜਾਵਣ ਹੱਥਾਂ 'ਚੋਂ,
ਮਾਂ ਅੱਧਮੋਈ ਹੋ ਮੰਜ਼ੀ ਪੈਂਦੀ ਏ।

ਮਾਂ ਨੂੰ ਚਾਹੀਦਾ ਪੁੱਤ ਹਿੱਕੇ ਲਾਏ,
ਪਰ ਨਾ ਕਦੇ ਉਸਦੇ ਐਬ ਲੁਕਾਏ,
ਪੁੱਤ ਜੋ ਰੋਜ਼-ਰੋਜ਼ ਮਰ ਰਿਹਾ ਏ,
ਉਸਨੂੰ ਬਚਾਉਣ ਦਾ ਹੀਲਾ ਬਣਾਏ।

# ਇੰਤਜ਼ਾਰ

ਸਰਹਾਣੇ ਵਿੱਚ ਮੂੰਹ ਛੁਪਾ ਰੋਣਾ,
ਆਹਾਂ ਭਰਨੀਆ ਤੜਪਦੇ ਹੀ ਸੌਣਾ।

ਸੁਪਨਿਆਂ 'ਚ ਰੋਜ਼ ਤੇਰਾ ਇਉਂ ਆਣਾ,
ਧਾਹ ਕਲੇਜੇ ਪੈ ਤੜਫ਼ ਉੱਠ ਜਾਣਾ।

ਇਹੀ ਸਰਮਾਇਆ ਮੇਰਾ ਉਮਰ ਭਰ ਦਾ,
ਤੇਰਾ ਤੜਪਾਉਣਾ, ਮੇਰਾ ਤੜਪ ਜਾਣਾ।

ਜ਼ਿੰਦਗੀ ਪਲ ਹਰ ਪਲ ਮੁੱਕਦੀ ਹੀ ਜਾਏ,
ਯਾਦਾਂ ਦੇ ਅਹਿਸਾਸ ਦਾ ਨਾ ਮੁੱਕ ਪਾਣਾ।

ਤੂੰ ਭੁੱਲ ਗਇਓਂ ਮੈਨੂੰ ਛੱਡ ਅਧਵਾਟੇ,
ਜ਼ਿੰਦਗੀ ਦਾ ਮੌਤ ਦੇ ਰਸਤੇ ਪੈ ਜਾਣਾ।

ਪੱਲਾ ਮੌਤ ਨਾ ਫੜਿਆ, ਮੇਰਾ ਤੇਰੇ ਵਰਗੀ,
ਜ਼ਿੰਦਗੀ ਨਾ ਜੀ ਪਾਈ, ਉਹ ਮੇਰੇ ਵਰਗੀ।

ਉਡੀਕਾਂ ਵਿੱਚ ਹੀ ਜ਼ਿੰਦਗੀ ਲੰਘੀ,
ਸੋਚ ਸਮੁੰਦਰ ਵਿੱਚ ਡੁੱਬ ਰਹਿ ਜਾਣਾ।

ਸੁਪਨੇ ਵਿੱਚ ਜਦੋਂ ਸੱਜਣ ਮਿਲ਼ ਜਾਵੇ,
ਸੁੰਨੇ ਜੀਵਨ ਨੂੰ ਜੀਵਨ ਮਿਲ ਜਾਵੇ।

# ਤੱਕਣੀ

ਅੱਖਾਂ ਵਿੱਚ ਤੂੰ ਦਿਲ ਵਿੱਚ ਵੀ ਤੂੰ ਏ,
ਨੀਂਦ ਨਾ ਆਵੇ ਯਾਦ ਤੇਰੀ ਸਤਾਏ।

ਰਿਸ਼ਤੇ ਤੋਂ ਸੱਖਣੀਆਂ ਤੇਰੀਆਂ ਅੱਖਾਂ,
ਤੱਕਣੀ ਨਾਲ਼ ਬਿਗਾਨਾ ਕਰਨ ਅੱਖਾਂ।

ਬੇ-ਅਹਿਸਾਸ ਅੱਖਾਂ ਦਿਲ ਭੁੱਲ ਨਾ ਪਾਵੇ,
ਇੱਕ ਤੱਕਣੀ ਜੀਵਨ ਸੁੰਨਾ ਕਰ ਜਾਵੇ।

ਇਹੀ ਮੰਗਾਂ ਰੱਬ ਤੋਂ ਮੈਂ ਸਾਂਝ-ਸਵੇਰੇ,
ਦਿਲ ਤੇਰੇ 'ਚ ਥੋੜ੍ਹੀ ਜਗ੍ਹਾ ਮਿਲ਼ ਜਾਵੇ।

ਤੇਰੇ ਦਿਲ ਮੈਂ ਧੜਕਾਂ ਤੂੰ ਦਿਲ ਮੇਰੇ,
ਹੋਵਣ ਦੂਰ ਇੰਝ ਜ਼ਿੰਦਗੀ ਦੇ ਨ੍ਹੇਰੇ।

ਚਾਹਾਂ ਮੈਂ ਰੱਬ ਤੋਂ ਤੂੰ ਮੈਨੂੰ ਚਾਹਵੇਂ,
ਕੁਝ ਹੋਰ ਨਾ ਚਾਹਾਂ ਜੇ ਤੂੰ ਮਿਲ਼ ਜਾਵੇਂ।

ਮੰਜ਼ਲ ਇੱਕ ਦੇ ਰਾਹੀ ਪਈਏ ਰਾਹੇ,
ਮੰਜ਼ਲ ਪਾ ਲਈਏ ਖ਼ੁਸ਼ੀਆਂ ਦੀ ਰਾਹੇ।

ਮੰਗਾਂ ਦੁਆ ਤੱਕਣੀ ਪਿਆਰ ਭਰ ਜਾਵੇ,
ਪਿਆਰ ਤੱਕਣੀ ਖ਼ੁਸ਼ੀ ਜੀਵਨ 'ਚ ਭਰ ਜਾਵੇ।

ਤੂੰ ਪਾ ਮੈਨੂੰ ਭੁੱਲ ਜਾਵੇਂ, ਦੁਨੀਆ ਦੇ ਬਖੇੜੇ
ਮੈਂ ਭੁਲਾਵਾਂ ਦੁਨੀਆਂ ਜੇ ਤੂੰ ਮਿਲ਼ ਜਾਵੇਂ।

# ਦਿਲ ਦੀ ਸਾਂਝ - ਗੀਤ

ਆ ਸੱਜਣਾ ਰਲ਼ ਇਕੱਠੇ ਬਹਿ ਕੇ,
ਇੱਕ ਵੱਖਰੀ ਦੁਨੀਆਂ ਬਣਾਈਏ,
ਭੁੱਲਕੇ ਸਾਰੇ ਇਹ ਝਗੜੇ ਝੇੜੇ,
ਇੱਕ ਨਵੀਂ ਦੁਨੀਆਂ ਵਸਾਈਏ।
ਆ ਸੱਜਣਾ-------

ਤੇਰੇ ਦਿਲ ਦੀ ਸਾਂਝ ਮੈਂ ਬਣ ਜਾਂ,
ਤੈਨੂੰ ਦਿਲ ਦਾ ਜਾਨੀ ਬਣਾਈਏ,
ਲੋਕਾਂ ਖਾਤਰ ਜੋ ਆਈਆ ਦੂਰੀਆਂ,
ਰਲ਼ ਉਹਨਾਂ ਨੂੰ ਦੂਰ ਭਜਾਈਏ।
ਆ ਸੱਜਣਾ------

ਤੇਰੇ ਹਿੱਸੇ ਦੇ ਦਰਦ ਮੈਂ ਸਹਿ ਲਾਂ,
ਤੈਨੂੰ ਦਰਦ ਦਾ ਹਾਣੀ ਪਾਈਏ,
ਪਿਆਰ ਪੀਂਘ ਇੰਝ ਝੂਟੀਏ,
ਦੋ ਜਿਸਮ ਇੱਕ ਜਾਨ ਸਮਾਈਏ।
ਆ ਸੱਜਣਾ--------

ਗ਼ਮਾਂ ਦੀ ਕਾਲ਼ੀ ਰਾਤ ਮੁੱਕੇ ,
ਚੜ੍ਹੇ ਸਵੇਰ ਖ਼ੁਸ਼ੀਆਂ ਪਾਈਏ,
ਦਿਲ 'ਚੋਂ ਇੱਕ ਆਵਾਜ਼ ਆਈ,
ਇੱਕੋ ਰੂਹ ਪਰਛਾਈ ਬਣ ਜਾਈਏ।
ਆ ਸੱਜਣਾ------

ਦਿਲ ਨੂੰ ਇਹ ਅਹਿਸਾਸ ਕਰਾਕੇ,
ਮਸਤਕ ਨੂੰ ਵੀ ਗੱਲ ਸਮਝਾਈਏ,
ਦਿਲ ਵਿੱਚ ਇਉਂ ਪਿਆਰ ਜਗਾਕੇ,
ਫੇਰ ਰੂਹਾਂ ਦੀ ਪਿਆਸ ਮਿਟਾਈਏ।
ਆ ਸੱਜਣਾ---------

ਗੁਮਾਨ ਤੇ ਮਸਲੇ ਸਾਰੇ ਭੁੱਲਕੇ,
ਦੁੱਖ -ਸੁੱਖ ਦਾ ਸਾਥ ਬਣਾਈਏ,
ਇਵੇਂ ਸਾਂਝ ਦਿਲ ਦੀ ਵਧਾਕੇ,
ਇੱਕ ਨਵੀਂ ਪਹਿਚਾਣ ਪਾਈਏ।
ਆ ਸੱਜਣਾ---------

# ਸ਼ਿਕਰਾ

ਅੱਜ ਫੇਰ
ਸ਼ਿਕਰਾ ਯਾਰ
ਆਇਆ
ਦਿਲ ਦਾ ਮਾਸ
ਖਾਣ ਨੂੰ
ਜ਼ਖ਼ਮਾਂ 'ਤੇ
ਲੂਣ ਪਾਣ ਨੂੰ
'ਕੱਲਿਆਂ ਛੱਡਕੇ
ਜਾਣ ਨੂੰ
ਅੱਜ ਫੇਰ ਪ੍ਰਦੇਸੀ
ਢੋਲ ਆਇਆ
ਮੁੜ ਵਤਨੀ ਫੇਰਾ
ਪਾਉਣ ਨੂੰ
ਸੀਨੇ ਦਰਦ
ਜਗਾਉਣ ਨੂੰ
ਦਿਲ ਅੰਦਰ ਭਾਂਬੜ
ਲਾਉਣ ਨੂੰ
ਦੇਖਦੇ ਹੀ
ਦਿਲ 'ਚ
ਭਾਂਬੜ ਮੱਚ ਉੱਠੇ
ਉਸਨੂੰ ਦੇਖ ਕੇ
ਪਹਿਚਾਣ ਕੇ
ਇਹ ਮੇਰਾ ਹੀ
ਦਿਲਦਾਰ ਹੈ
ਜੋ ਕਰ
ਅਣਗੌਲਿਆਂ
ਤੁਰਿਆ ਜਾ ਰਿਹਾ
ਵਿੱਚ ਬਾਜ਼ਾਰ ਹੈ।

# ਰਿਸ਼ਤੇ

ਰਿਸ਼ਤੇ ਜੋ ਆਪਣੇ ਨਈਂ ਹੁੰਦੇ,
ਰਿਸ਼ਤੇ ਜੋ ਬਿਗਾਨੇ ਨਈਂ ਹੁੰਦੇ ।

ਰਿਸ਼ਤੇ ਜੋ ਮਹਿਸੂਸ ਕੀਤੇ ਜਾਂਦੇ,
ਰਿਸ਼ਤੇ ਜੋ ਪਹਿਚਾਣ ਨਈਂ ਹੁੰਦੇ ।

ਕੁਝ ਰਿਸ਼ਤੇ ਤਾਂ ਬੜੇ ਹੀ ਪਿਆਰੇ,
ਜਿਨ੍ਹਾਂ ਦੇ ਕੋਈ ਨਾਮ ਨਈਂ ਹੁੰਦੇ ।

ਕੁਝ ਰਿਸ਼ਤੇ ਉਹ ਜੋ ਠੰਡਕ ਦੇਵਣ,
ਜਿਹੜੇ ਕਦੇ ਪਹਿਚਾਣ ਨਈਂ ਹੁੰਦੇ ।

ਕੁਝ ਰਿਸ਼ਤੇ ਤਾਂ ਬੜੇ ਨੇ ਮਿੱਠੜੇ,
ਜਿਹੜੇ ਦਿਲ ਤੇ ਜਾਨ ਨੇ ਹੁੰਦੇ ।

ਕੁਝ ਰਿਸ਼ਤੇ ਤਾਂ ਬੜੇ ਨੇ ਦੁਖੇੜੇ,
ਨਾ ਆਪਣੇ ਨਾ ਪਰਾਏ ਹੁੰਦੇ ।

# ਗਹਿਰੇ ਜ਼ਖ਼ਮ – ਗੀਤ

ਆਪਣੇ ਦਿਲ ਦੇ ਗਹਿਰੇ ਜ਼ਖ਼ਮਾਂ ਨੂੰ
ਕਿਸ ਤਰ੍ਹਾਂ ਛੁਪਾਵਾਂ ਮੈਂ ਦੋਸਤੋ
ਗ਼ਮਾਂ ਭਰੀਆਂ ਸੁੰਨੀਆਂ ਰਾਤਾਂ
ਖ਼ੁਸ਼ੀ 'ਚ ਕਿਵੇਂ ਬਿਤਾਵਾਂ ਮੈਂ ਦੋਸਤੋ
ਗ਼ਮਾਂ ਭਰੀਆਂ ਸੁੰਨੀਆਂ ਰਾਤਾਂ
ਖ਼ੁਸ਼ੀ ਕਿਵੇਂ ਬਿਤਾਵਾਂ ਮੈਂ ਦੋਸਤੋ...

ਮੇਰੇ ਦਿਲ ਦਾ ਇੱਕ–ਇੱਕ ਹਿੱਸਾ
ਵਿੰਨਿਆਂ ਪਿਆ ਹੈ ਜ਼ਖ਼ਮਾਂ ਨਾਲ਼
ਜ਼ਖ਼ਮਾਂ ਦਾ ਇਹ ਦਰਦ ਅਸਹਿ,
ਚੁੱਪ–ਚਾਪ ਕਿਵੇਂ ਜਰ ਲਵਾਂ ਮੈਂ ਦੋਸਤੋ
ਗਮਾਂ ਭਰੀਆਂ ਸੁੰਨੀਆਂ ਰਾਤਾਂ...

ਜ਼ਖ਼ਮਾਂ ਦੇ ਦਰਦ ਵਿੱਚੋਂ ਇਵੇਂ
ਉੱਠਦੀਆਂ ਪਈਆਂ ਨੇ ਚੀਸਾਂ
ਚੀਸਾਂ ਨੂੰ ਇਨ੍ਹਾਂ ਬੁੱਲਾਂ ਵਿੱਚ
ਕਿਵੇਂ ਦਬਾ ਲਵਾਂ ਮੈਂ ਦੋਸਤੋ
ਗ਼ਮਾਂ ਭਰੀਆਂ ਸੁੰਨੀਆਂ ਰਾਤਾਂ...

ਜ਼ਖ਼ਮਾਂ 'ਤੇ ਜਦ ਮੱਲ੍ਹਮ ਲਾਈ ਏ
ਬੀਤੇ ਦਿਨਾਂ ਦੀਆਂ ਯਾਦਾਂ ਨੇ
ਜ਼ਖ਼ਮਾਂ 'ਚ ਪਾਕ ਪਾਈ ਏ
ਦਿਲ ਦੇ ਇਸ ਨਸੂਰ ਨੂੰ
ਕਿਵੇਂ ਭਰ ਲਵਾਂ ਮੈਂ ਦੋਸਤੋ
ਗ਼ਮਾਂ ਭਰੀਆਂ ਸੁੰਨੀਆਂ ਰਾਤਾਂ...

ਦੁਨੀਆਂ ਦਰਦ ਜਗਾਏ ਵਾਰ-ਵਾਰ
ਦਰਦ 'ਚ ਤੜਪਦੀ ਨੂੰ ਬੇਸਹਾਰਾ
ਛੱਡ ਜਾਏ ਹਰ ਵਾਰ
ਦੁਨੀਆਂ ਦੇ ਇਨ੍ਹਾਂ ਜ਼ੁਲਮਾਂ ਨੂੰ
ਕਿਸੇ ਸਹਾਰੇ ਤੋਂ ਬਿਨਾ
ਕਿਵੇਂ ਜਰ ਲਵਾਂ ਮੈਂ ਦੋਸਤੋ
ਗ਼ਮਾਂ ਭਰੀਆਂ ਸੁੰਨੀਆਂ ਰਾਤਾਂ...

ਬੇਦਰਦਾਂ ਦੀ ਦੁਨੀਆਂ 'ਚ ਜਿਉਣਾ ਚਾਹੁੰਦੇ
ਦੁਨੀਆਂ ਇਹ ਜਿਉਣ ਨਾ ਦੇਵੇ
ਜ਼ਖ਼ਮਾਂ ਨੂੰ ਇਹ ਸਿਉਣ ਨਾ ਦੇਵੇ
ਦੁਨੀਆਂ ਦੇ ਇਸ ਜ਼ਬਰ ਨੂੰ
ਚੁੱਪ-ਚਾਪ ਕਿਵੇਂ ਜਰ ਲਵਾਂ ਮੈਂ ਦੋਸਤੋ
ਗ਼ਮਾਂ ਭਰੀਆਂ ਸੁੰਨੀਆਂ ਰਾਤਾਂ...

# ਖ਼ੁਦਕੁਸ਼ੀ

ਮੰਨਿਆਂ ਕਿ
ਮੈਂ ਖ਼ੁਦਕੁਸ਼ੀ ਕੀਤੀ
ਤੇਰੇ ਜਾਣ ਤੋਂ ਬਾਅਦ
ਪਰ ਕੀ
ਤੈਨੂੰ ਪਤਾ !
ਮੈਂ ਤਾਂ
ਰੋਜ਼ ਪਲ-ਪਲ
ਮਰਦੀ ਰਹੀ ਹਾਂ
ਹਰ ਪਲ
ਯਾਦਾਂ ਦੀਆਂ
ਸੂਲਾਂ 'ਤੇ
ਚੜ੍ਹਦੀ ਰਹੀ ਹਾਂ
ਮੰਨਦੀ ਹਾਂ
ਖ਼ੁਦਕੁਸ਼ੀ
ਕਾਇਰਤਾ ਹੈ
ਆਪਣੇ ਆਪ ਨੂੰ
ਆਪੇ
ਖ਼ਤਮ ਕਰ ਲੈਣਾ
ਪਰ
ਖ਼ੁਦਕੁਸ਼ੀ
ਜੋ ਇੱਕ ਝਟਕੇ ਵਿੱਚ
ਯਾਦਾਂ ਤੋਂ
ਮੁਕਤ ਕਰ ਦੇਵੇ
ਖ਼ੁਦਕੁਸ਼ੀ
ਜੋ ਚੈਨ ਦੀ
ਨੀਂਦ ਦੇਵੇ

ਆਪਣੇ ਬਿਗਾਨੇ ਦਾ
ਫ਼ਰਕ ਮਿਟਾ ਦੇਵੇ
ਪਰ ਇਹ ਕੀ ?
ਮੈਂ ਤਾਂ ਮਰਕੇ ਵੀ
ਤੜਪਦੀ ਝੂਰਦੀ ਰਹੀ
ਸੋਚਦੀ ਹਾਂ.....
ਕੀ ਮਿਲ਼ਿਆ
ਖ਼ੁਦਕੁਸ਼ੀ ਕਰਕੇ ?
ਮੈਂ ਤਾਂ ਸਿਰਫ਼
ਆਪਣਿਆਂ ਦੇ
ਅਰਮਾਨਾਂ ਦਾ
ਖ਼ੂਨ ਕੀਤਾ
ਮੈਂ ਤਾਂ ਇੱਕ ਕਾਤਲ ਹਾਂ
ਕਾਤਲ
ਜਿੰਨ੍ਹੇ ਆਪਣੇ
ਸਵਾਰਥ ਲਈ
ਆਪਣਿਆਂ ਨੂੰ ਹੀ ਰੁਲ਼ਾ
ਗ਼ਮ 'ਚ ਚੂਰ ਕੀਤਾ
ਉਨ੍ਹਾਂ ਨੂੰ ਜ਼ਿੰਦਾ
ਲਾਸ਼ ਬਣਕੇ
ਜੀਣ ਲਈ
ਮਜ਼ਬੂਰ ਕੀਤਾ
ਤੌਬਾ ਕਰ ਲਓ

ਤੌਬਾ ਕਰ ਲਓ
ਖ਼ੁਦਕੁਸ਼ੀ ਕਰਨ ਵਾਲਿਓ !
ਤੁਸੀਂ ਆਪਣਾ
ਹੀ ਨਹੀਂ
ਬਾਕੀ ਆਪਣਿਆਂ ਦਾ
ਵੀ ਖ਼ੂਨ ਕੀਤਾ
ਉਨ੍ਹਾਂ ਦੇ ਜਿਸਮ 'ਚੋਂ
ਸੁੱਖ-ਚੈਨ ਖੋਹ
ਦੂਰ ਕੀਤਾ
ਉਨ੍ਹਾਂ ਨੂੰ ਇੰਝ
ਜਿਉਂਦੇ ਜੀ ਮਰਨ ਲਈ
ਮਜ਼ਬੂਰ ਕੀਤਾ...
ਮਜ਼ਬੂਰ ਕੀਤਾ...

# ਆਖਰੀ ਸਲਾਮ - ਗੀਤ

ਬੇਰੁਖਾਂ ਦੀ ਬੇਰੁਖੀ ਨੂੰ
ਸਲਾਮ ਕਰ ਚੱਲੇ ਆਂ
ਮੁੱਦਤਾਂ ਦੀ ਦੋਸਤੀ ਨੂੰ
ਤੇਰੇ ਨਾਮ ਕਰ ਚੱਲੇ ਆਂ
ਬੇਰੁਖਾਂ ਦੀ ਬੇਰੁਖੀ.....

ਇੱਕ ਜ਼ਖ਼ਮ ਜੋ ਤਾਜ਼ਾ ਦਿੱਤਾ
ਉਸਨੂੰ ਸ਼ਰੇਆਮ ਸਹਿ ਚੱਲੇ ਆਂ
ਦਿਲ ਦੀ ਅਸਹਿ ਪੀੜਾ ਨੂੰ
ਹਰ ਹਾਲ ਜਰ ਚੱਲੇ ਆਂ
ਬੇਰੁਖਾਂ ਦੀ ਬੇਰੁਖੀ....

ਦਿਲ ਦੀ ਇਸ ਕਿਤਾਬ 'ਤੇ
ਲਿਖਿਆ ਸੀ ਜੋ ਨਾਂ ਤੇਰਾ
ਅੱਜ ਫੇਰ ਉਸ ਕਿਤਾਬ ਦੀ
ਅਰਥੀ ਉਠਾਣ ਚੱਲੇ ਆਂ
ਬੇਰੁਖਾਂ ਦੀ ਬੇਰੁਖੀ...

ਮੁੱਦਤਾਂ ਤੋਂ ਯਾਦ ਤੇਰੀ ਦਾ
ਦਿਲ 'ਚ ਸੀ ਜੋ ਘਰ ਆਬਾਦ
ਅੱਜ ਉਸ ਘਰ ਨੂੰ ਸ਼ਰੇਆਮ
ਸੁੰਨਸਾਨ ਕਰ ਚੱਲੇ ਆਂ
ਬੇਰੁਖਾਂ ਦੀ ਬੇਰੁਖੀ...

ਤੂੰ ਦੁੱਖ ਦਿੱਤੇ ਮੈਂ ਸਹਿੰਦੀ ਰਹੀ
ਦੁੱਖਾਂ ਦੀ ਲਾਸ਼ ਚੁੱਕੀ ਫਿਰਦੀ ਰਹੀ
ਦਿਲ ਨੂੰ ਚੂਰ ਕਰ ਜ਼ਿੰਦਗੀ ਕੱਟਦੀ ਰਹੀ
ਹੁਣ ਹੋਰ ਸਹਿਣ ਦੀ
ਸ਼ਕਤੀ ਜੁਟਾਣ ਚੱਲੇ ਆਂ
ਬੇਰੁਖਾਂ ਦੀ ਬੇਰੁਖੀ...

ਉਂਝ ਮੈਂ ਜਿਉਂਦੀ ਮੇਰਾ ਦਿਲ ਬੇ-ਆਬਾਦ ਹੈ
ਦਿਲ ਵੀ ਵਿਰਾਨ ਜ਼ਿੰਦਗੀ ਵਿਰਾਨ ਹੈ
ਵਿਰਾਨ ਦਿਲ ਦੀ ਮਹਿਫ਼ਲ ਨੂੰ
ਫੇਰ ਸਜਾਉਣ ਚੱਲੇ ਆਂ
ਬੇਰੁਖਾਂ ਦੀ ਬੇਰੁਖੀ...

# ਹਮਰਾਹੀ

ਦਿਲ ਕਮਲੇ ਨੂੰ ਕਿਵੇਂ ਸਮਝਾਵਾਂ,
ਜ਼ਿੰਦਗੀ ਹੁੰਦੀ ਇੱਕ ਪਰਛਾਵਾਂ ।

ਰਾਤ-ਦਿਨ ਦੇ ਚੱਕਰਾਂ ਘਿਰ ਕੇ,
ਸਮਝ ਸਕੇ ਨਾ ਅਜੇ ਵੀ ਹਰ ਕੇ ।

ਕੀ ਬੋਲਾਂ ਤੇ ਕੀ ਨਾ ਮੈਂ ਬੋਲਾਂ,
ਰਹਿ ਗਏ ਬਸ ਸਭ ਜਰਨ ਨੂੰ ।

ਦਿਲ ਤਾਂ ਕਰਦਾ ਦੱਸਾਂ ਦੁੱਖ ਫੋਲ,
ਡਰਦੇ ਤੂੰ ਸਮਝੇ ਨਾ ਦਿਲ ਖੋਲ੍ਹ ।

ਕਰ ਗੱਲਾਂ ਅੱਜ ਹੋਈਏ ਹੌਲੇ,
ਮੈਂ ਦਿਲ ਫੋਲਾਂ ਤੂੰ ਵੀ ਬੋਲੇ ।

ਰਾਜ ਜ਼ਿੰਦਗੀ ਦੇ ਸਾਰੇ ਖੋਲ੍ਹੇ,
ਮੈਂ ਰੋਵਾਂ ਤੇ ਤੂੰ ਵੀ ਹੁਣ ਰੋ ਲੇ ।

ਇੰਝ ਹੀ ਸਮਝਦੇ ਸਮਝਾਉਂਦੇ,
ਜੀਵਨ ਗੱਡੀ ਅੱਗੇ ਵਧਾਉਂਦੇ ।

ਮੰਜ਼ਲ਼ ਕਦੇ ਤਾਂ ਮੇਰੀ ਆਵੇ,
ਕਿਤੇ ਤਾਂ ਮਿਲ਼ ਹਮਰਾਹੀ ਜਾਵੇ ।

# ਪਹਿਚਾਣ

ਸ਼ਾਮ ਜਦ ਵੀ ਆਉਂਦੀ ਏ,
ਇੱਕ ਦਰਦ ਜਗਾਉਂਦੀ ਏ ।

ਦਿਲ ਤੜਪੇ, ਰੋਏ ਕੁਰਲਾਏ,
ਤੇਰੀਆ ਯਾਦਾਂ 'ਚ ਸਮਾਏ ।

ਕਦੇ ਤਾਂ ਉਹ ਦਿਨ ਸਨ,
ਜਦ ਕਹਿੰਦਾ ਸੀ ਹੀਰੀਏ ।

ਤੂੰ ਮੇਰੀ ਜ਼ਿੰਦ-ਜਾਨ ਏਂ,
ਪਰ ਤੂੰ ਬਦਲ ਗਿਆ ਏਂ ।

ਹੁਣ ਬੋਲਕੇ ਵੀ ਨਾ ਬੋਲਦਾ ਏ,
ਨਾ ਭੇਤ ਦਿਲ ਦੇ ਖੋਲ੍ਹਦਾ ਏ ।

ਲੇਖੇ ਤਾਂ ਲੇਖਾਂ ਦੇ ਕਰਕੇ,
ਬਸ ਯਾਦਾਂ 'ਚ ਡੁੱਬ ਜਾਣਾ ਏ ।

ਦਿੱਤਾ ਤਾਂ ਸਭ ਕੁਝ ਰੱਬ ਨੇ,
ਨਾ ਦਿੱਤਾ ਦਿਲ ਦਾ ਚੈਨ ਏ ।

ਦੁਨੀਆਂ 'ਚ ਪਹਿਚਾਣ ਦਿੱਤੀ,
ਨਾ ਦਿੱਤੀ ਦਿਲ ਦੀ ਸਾਂਝ ਏ ।

# ਮਾਂ ਵਰਗੀ

ਕੀ ਹਾਂ
ਮੈਂ
ਕੌਣ ਹਾਂ
ਮੈਂ
ਕੋਈ ਤਾਂ
ਦੱਸੋ
ਕੀ ਰਿਸ਼ਤਾ
ਮੇਰਾ
ਕਹਿ ਨਾ
ਸਕਦੀ
ਕੁਝ ਮੈਂ
ਕਹਿਣ ਨੂੰ
ਰਹਿ ਗਈ
ਬੱਸ ਮਾਂ
ਕਾਹਦੀ ਮਾਂ
ਕਾਹਦੀਆਂ
ਧੀਆਂ
ਨਾ ਹੱਕ
ਮੇਰਾ
ਨਾ ਮੇਰੀਆਂ
ਜਾਈਆਂ
ਜੋ ਮੈਂ
ਕਹਾਂ
ਸਭ ਸੀਨੇ
ਚੁੱਭੇ
ਦੱਸੋ ਤਾਂ

ਸਹੀ
ਕੀ ਮਾਂ
ਹੁੰਦੀ
ਮੇਰੇ ਵਰਗੀ
ਜੋ ਸਹਿ
ਸਕਦੀ
ਪਰ ਕਹਿ
ਨਾ ਸਕਦੀ
ਰਾਤਾਂ ਨੂੰ
ਤੜਪ ਸਕਦੀ
ਪਰ ਦਰਦ ਸੁਣਾ
ਨਾ ਸਕਦੀ
ਦੱਸੋ ਤਾਂ ਸਹੀ
ਮੇਰੇ ਦਰਦ ਦੀ
ਚੁੱਭਣ
ਕਿਉਂ
ਤੁਹਾਡੇ ਸੀਨੇ
ਨਾ ਚੁੱਭਦੀ
ਮੇਰੀਆਂ ਜਾਗਦੀਆਂ
ਰੋਂਦੀਆਂ ਰਾਤਾਂ ਦੀ
ਕੀਮਤ
ਇਹ ਕਹਿਣਾ
ਤੂੰ ਮਾਂ ਵਰਗੀ
ਮਾਂ ਮੈਨੂੰ ਮਾਂ
ਲੱਗਦੀ
ਪਰ ਤੂੰ ਮੈਨੂੰ
ਮਾਂ ਨਾ ਲੱਗਦੀ ।

# ਰੂਹ ਦਾ ਪੰਛੀ -ਗੀਤ

ਰੂਹ ਮੇਰੀ ਦਾ ਪੰਛੀ ਹਰ ਦਮ
ਉੱਡਦਾ ਰਹਿੰਦਾ ਸੱਜਣ ਵਿਹੜੇ
ਨਾ ਵਿਹੜਾ ਮੇਰਾ ਨਾ ਪਰਾਇਆ
ਸੱਜਣਾ ਮੈਂ ਕਿਹੜੇ ਵਿਹੜੇ ਜਾਵਾਂ
ਆ ਸੱਜਣਾ ਦੱਸ ਤੇ ਸਹੀ
ਤੇਰੇ ਕਿਹੜੇ ਦੇਸ਼ ਬਸੇਰੇ
ਆ ਸਹੀ ਕਦੀ ਸਾਡੇ ਵਿਹੜੇ...

ਅੱਖੀਆਂ ਫੇਰੀਆਂ ਦਿਲ ਵੀ ਫੇਰੇ
ਪਿਆਰ ਤੇਰਾ ਬਣਿਆ ਪਰਛਾਵਾਂ
ਅਜ਼ਨਬੀ ਬਣ ਜ਼ਿੰਦਗੀ ਲੰਘ ਗਈ
ਆਪਣੀ ਰੂਹ ਨੂੰ ਲੈ ਹੁਣ ਤੁਰ ਪਈ
ਆ ਵੇ ਸੱਜਣਾ ਦੱਸ ਤੇ ਸਹੀ
ਤੇਰੇ ਕਿਹੜੇ ਦੇਸ਼ ਨੇ ਬਸੇਰੇ
ਆ ਸਹੀ ਕਦੀ ਸਾਡੇ ਵਿਹੜੇ...

ਸੱਜਣਾ ਇੱਕ ਵਾਅਦਾ ਕਰੀਏ
ਪਿਆਰ ਦੀਆਂ ਪੀਂਘਾਂ ਝੂਟ ਕੇ
ਪਿਆਰ ਦਾ ਮਿੱਠੜਾ ਗੀਤ ਛੇੜ ਕੇ
ਸਵਰਗਾਂ ਦੀ ਲਾਈਏ ਉਡਾਰੀ
ਆ ਸੱਜਣਾ ਦੱਸ ਤੇ ਸਹੀ
ਤੇਰੇ ਕਿਹੜੇ ਦੇਸ਼ ਬਸੇਰੇ
ਆ ਸਹੀ ਕਦੇ ਸਾਡੇ ਵਿਹੜੇ ...

# ਬੇਚੈਨ ਦਿਲ

ਹਰ ਸਮੇਂ ਦਿਲ ਬੇਚੈਨ ਰਹਿੰਦਾ ਹੈ,
ਮੌਤ ਦੀ ਉਡੀਕ ਕਰਦਾ ਰਹਿੰਦਾ ਹੈ,
ਕਿੱਥੇ ਧੀ ਕਿੱਥੇ ਮਾਂ ਉਹਦੀ ਰਹਿੰਦੀ ਹੈ,
ਦਿਲ ਇਹੀ ਹਿਸਾਬ ਕਰਦਾ ਰਹਿੰਦਾ ਹੈ।

ਮਾਂ ਤੜਪਦੀ ਹੈ ਹਰ ਵੇਲ਼ੇ ਉੱਥੇ,
ਦਿਲ ਧੀ ਦਾ ਇੱਥੇ ਤੜਫ਼ਦਾ ਰਹਿੰਦਾ ਹੈ,
ਨਾ ਕੋਈ ਸਾਥੀ ਨਾ ਆਪਣਾ ਕੋਈ,
ਬਿਨ ਅਪਣਿਆਂ ਕੋਈ ਕਿਵੇਂ ਰਹਿੰਦਾ ਹੈ।

ਨਾ ਦਰਦ ਸੁਣਨ, ਸਮਝਣ ਵਾਲ਼ਾ,
ਇਹੀ ਝੋਰਾ ਬੱਸ ਲੱਗਾ ਰਹਿੰਦਾ ਹੈ,
ਤੜਪੇ ਧੀ, ਦੋਹਤੇ-ਦੋਹਤੀਆਂ ਨੂੰ,
ਕੌਣ ਪਰਦੇਸੀ ਕੋਲ਼ ਰਹਿੰਦਾ ਹੈ।

ਭੈਣਾਂ ਵੀ ਆਪਣੇ ਟੱਬਰ ਪਾਲਣ,
ਕਿਸੇ ਨੂੰ ਕਦੋਂ ਖਿਆਲ਼ ਰਹਿੰਦਾ ਹੈ,
ਬਿਨਾਂ ਬੱਚਿਆਂ ਦੇ 'ਕੱਲੀਆਂ ਰਾਤਾਂ,
ਬੱਚਿਆਂ ਵਿੱਚ ਧਿਆਨ ਰਹਿੰਦਾ ਹੈ।

ਵਿੱਚ ਪ੍ਰਦੇਸ ਧੀ ਤੜਪੇ ਮਾਂ ਲਈ,
ਮਾਂ ਦਾ ਮਨ ਦੇਸ਼ 'ਚ ਤਰਸਦਾ ਰਹਿੰਦਾ ਹੈ,
ਕਿਵੇਂ ਜੀਵਨ ਕੱਟਦੀ ਉਹ ਆਪਣਾ,
ਹਮੇਸ਼ਾ ਇਹੀ ਖ਼ਿਆਲ ਰਹਿੰਦਾ ਹੈ।

# ਦਰਦ ਅਵੱਲੜਾ

ਦਰਦ ਅਵੱਲੜਾ ਬੜਾ ਹੈ ਲੋਕੋ,
ਦਰਦ ਸਹਿ ਵੀ ਜਿਉਂਦੀ ਰਹਿੰਦੀ ਹੈ।

ਜੇ ਧੀ ਹੋਵੇ ਤਾਂ ਨੇੜੇ ਵੱਸੇ,
ਮਾਂ ਧੀ ਬਿਨਾਂ ਨਾ ਬੱਚ ਰਹਿੰਦੀ ਹੈ।

ਕਿੰਝ ਆਪਣਿਆਂ ਬਿਨਾਂ ਮਾਂ 'ਕੱਲੀ,
ਆਪਣਿਆਂ ਲਈ ਤੜਫ਼ ਰਹਿੰਦੀ ਹੈ।

ਮਾਂ ਦਾ ਦਰਦ ਸਮਝਾਂ ਬਥੇਰਾ,
ਕੋਈ ਹੱਲ ਲੱਭਦੀ ਰਹਿੰਦੀ ਹੈ।

ਮਾਂ ਦਾ ਦੁੱਖ ਵੀ ਵੰਡਾ ਨਾ ਸਕੇ ,
ਨਾਟਕ ਜੀਣ ਦਾ ਕਰਦੀ ਰਹਿੰਦੀ ਹੈ।

ਦਰਦ ਅਵੱਲੜਾ ਬੜਾ ਹੈ ਲੋਕੋ,
ਦਰਦ ਸਹਿ 'ਸੁੱਖੀ' ਚੁੱਪ ਰਹਿੰਦੀ ਹੈ।

# ਅਰਜ਼ੋਈ

ਨਿੱਕੀ ਉਮਰੇ ਮਾਂ ਕਿਸੇ ਦੀ ਮਰ ਨਾ ਜਾਏ,
ਜਾ ਕੋਈ ਆਪਣਾ ਛੱਡ ਪ੍ਰਦੇਸ ਨਾ ਜਾਏ।

ਦਿਲ ਲੋਚੇ ਮਾਂ ਤੈਨੂੰ ਹਰ ਰੋਜ਼ ਬੁਲਾਏਂ,
ਪਰ ਮਾਂ ਮੇਰੀਏ ਤੂੰ ਕਦੇ ਵੀ ਨਾ ਆਏਂ।

ਵਾਂਗ ਪਰਛਾਵੇਂ ਤੂੰ ਮੇਰੇ ਸੀਨੇ ਧੜਕੇ,
ਨਾ ਰਾਤਾਂ ਨੂੰ ਆਏ ਨਾ ਆਏ ਤੜਕੇ।

ਰੁਗ ਭਰ ਜਾਏ ਮੇਰਾ ਪਰ ਤੂੰ ਨਾ ਆਏਂ,
ਬੀਤੇ ਦੀਆਂ ਯਾਦਾਂ ਵਿੱਚ ਆਣ ਸਤਾਏਂ।

ਕਹਿ ਨਾ ਪਾਵਾਂ ਮੈਂ ਮੇਰੀ ਜ਼ੁਬਾਨ ਖਲੋਈ,
ਰਹਿ ਨਾ ਪਾਵਾਂ ਤੈਂ ਬਿਨ ਮੇਰੀ ਜ਼ਿੰਦ ਮੋਈ।

ਤੜਪਾਂ, ਰੋਵਾਂ, ਕਲ਼ਪਾਂ ਦੇਂਦੀ ਫਿਰਾਂ ਦੁਹਾਈ,
ਤੈਨੂੰ ਮਿਲ਼ ਨਾ ਪਾਵਾਂ ਨਾ ਸਾਰ ਹੀ ਪਾਈ।

ਤੂੰ ਮਾਰ ਉਡਾਰੀ ਉੱਡ ਗਈ ਕਿਹੜੇ ਦੇਸ਼,
ਮੈਂ ਰੁਲ਼ਣ ਨੂੰ ਰਹਿ ਗਈ ਬਸ ਆਪਣੇ ਦੇਸ਼।

ਕਿੱਥੇ ਤੁਰ ਗਈ ਮਾਂਏ ਖ਼ਬਰ ਨਾ ਹੋਈ,
ਤੇਰੀਆਂ ਰਾਹਾਂ ਦੀ ਮੈਨੂੰ ਸਾਰ ਨਾ ਕੋਈ।

ਕਰੇ ਅਰਜ਼ੋਈ ਅੱਜ ਤੇਰੀ ਲਾਡੋ ਜਾਈ,
ਆ ਮਿਲ ਮਾਂ, ਦੇ ਦਿਖਾਈ ਆਪਣੀ ਜਾਈ।

# ਬੇਟੀ ਦੀ ਤੜਪ

ਮਾਂ ਮੇਰੀ ਸੀ ਮੈਨੂੰ ਜਾਨੋਂ ਪਿਆਰੀ,
ਸਵਰਗਾਂ ਦੀ ਉਸ ਲਾਈ ਉਡਾਰੀ ।

ਜ਼ਿੰਦਗੀ ਵਾਂਗ ਕੱਖਾਂ ਦੇ ਰੁਲ਼ ਗਈ
ਸਾਰ ਲਈ ਨਾ ਹੁਣ ਕਿਸੇ ਵੀ ਦਰਦੀ ।

ਆਪਣੀ ਆਪਣੀ ਜ਼ਿੰਦਗੀ ਸੰਵਾਰਨ,
ਮੈਂ ਅਣਭੋਲ ਨਿੱਕੀ ਜ਼ਿੰਦ ਰੁਲ਼ ਗਈ ।

ਚਾਰੇ ਪਾਸੇ ਮਾਂ ਨੂੰ ਫਿਰਾਂ ਮੈਂ ਲੱਭਦੀ,
ਮਾਂ ਦੀ ਝਲਕ ਨਾ ਕਿਧਰੋਂ ਵੀ ਪਈ ।

ਬੇਬਸ ਰਾਤ ਰੋਂਦਿਆਂ ਲੰਘ ਗਈ,
ਮਾਂ ਦੀ ਗਲ਼ਵਕੜੀ ਨੂੰ ਤਰਸ ਗਈ ।

ਇੰਨੀ ਨਿਰਮੋਹੀ ਕਿਵੇਂ ਹੋ ਗਈ,
ਛੱਡ ਅਧਵਾਟੇ ਪਰ੍ਹੇ ਖਲੋ ਗਈ ।

ਮਾਂ ਤੋਂ ਵੱਧ ਨਾ ਮੈਂ ਕਹਿਣਾ ਸਿੱਖੀ,
ਮੇਰੇ ਹਿੱਸੇ ਆਈ ਸਭ ਦੀ ਸਿੱਖੀ ।

# ਕੁਝ ਸਵਾਲ

ਰਾਤਾਂ ਕਿਵੇਂ ਲੰਘਾਵਾਂ ਇਹ ਬਿਨ ਤੇਰੇ,
ਤੇਰੇ ਬਿਨਾਂ ਕੌਣ ਮੈਨੂੰ ਆ ਬਹਿਲਾਏ ।

ਮਿਲ਼ਿਆ ਨਾ ਦਰਦੀ ਜੋ ਸੀਨੇ ਲਾਏ,
ਮਾਂ-ਬਾਪ ਦਾ ਪਿਆਰ ਜੋ ਮੈਨੂੰ ਭੁਲਾਏ ।

’ਕੱਲੀਆਂ ਸੁੰਨੀਆਂ ਰਾਤਾਂ ਕਿਵੇਂ ਲੰਘਾਵਾਂ,
ਤੇਰੇ ਬਿਨਾਂ ਕੌਣ ਹੁਣ ਦਿਲ ਨਾਲ਼ ਲਾਏ ।

ਚਿੱਤ ਕਰਦਾ ਤੇਰੀ ਗਲ਼ਵਕੜੀ ਸੌਵਾਂ,
ਤੂੰ ਚੁੰਮਕੇ ਮੱਥਾ, ਮੈਨੂੰ ਗਲ਼ ਲਾਏ ।

ਰਾਤਾਂ ਮੇਰੀਆਂ ’ਕੱਲੀਆਂ ਕਿਵੇਂ ਲੰਘਾਵਾਂ,
ਸਾਂਗ ਮੇਰੇ ਆਪਣੇ ਨਵੇਂ ਆਲ੍ਹਣੇ ਪਾਏ ।

ਦੱਸ ਮਾਂਏਂ ਜ਼ਿੰਦਗੀ ਕਿਵੇਂ ਲੰਘਾਵਾਂ,
ਸੁੰਨਾ ਜੱਗ ‘ਸੁੱਖੀ’ ਹੁਣ ਕਿਵੇਂ ਵਸਾਏ ।

# ਅਹਿਸਾਸ

ਨਾ ਸਮਝੇ ਕੋਈ ਨਾ ਦਰਦ ਜਾਣ ਪਾਏ,
ਨਾ ਹੀ ਲੱਭੇ ਹੀਲਾ ਜੋ ਦਰਦ ਜਾਏ ।

ਨਾ ਮੈਂ ਹੱਸਾਂ ਨਾ ਮੈਂ ਰੋਂਵਾਂ ਮਾਂਏਂ,
ਜ਼ਿੰਦਗੀ ਵਿਰਾਨ ਇਉਂ ਨਿੱਕਲਦੀ ਜਾਏ ।

ਦੇਖ ਮਾਂ ਮੇਰੀਏ ਦਿਲ ਕਿਵੇਂ ਤੜਫੇ,
ਤੇਰੇ ਮਿੱਠੇ ਬੋਲਾਂ ਨੂੰ ਤਰਸਦਾ ਜਾਏ ।

ਦਿਨ-ਰਾਤ ਦੇ ਫ਼ਰਕ ਹੁਣ ਮੁੱਕ ਚੱਲੇ,
ਰਾਤਾਂ ਨੇ 'ਕੱਲੀਆਂ ਤੇ ਦਿਨ ਵੀ 'ਕੱਲੇ ।

ਕੋਈ ਨਾ ਆ ਮੇਰਾ ਮੱਥਾ ਸਹਿਲਾਵੇ,
ਨਾ ਕੋਈ ਆਵੇ ਜੋ ਮੈਨੂੰ ਸੀਨੇ ਲਾਵੇ ।

ਕੋਈ ਕਹੇ ਤੂੰ ਤਾਂ ਤਾਰਾ ਬਣ ਗਈ,
ਕੋਈ ਕਹੇ ਤੂੰ ਤਾਂ ਰੱਬ ਦੇ ਘਰ ਗਈ ।

ਪਰ ਤੂੰ ਮਾਏਂ ਇੱਕ ਅਹਿਸਾਸ ਬਣ ਕੇ,
ਮੇਰੇ ਦਿਲ ਦੇ ਧੁਰ ਅੰਦਰ ਹੀ ਵੱਸ ਗਈ ।

# ਨਜ਼ਰ

ਚੱਲ ਮਾਹੀਆ, ਅੱਜ ਇਕੱਠੇ ਰਲ਼ ਕੇ,
ਪਿਆਰ ਪੀਂਘ ਚੜ੍ਹਾਈਏ ਮਿਲ਼ ਕੇ ।

ਤੂੰ ਦੁੱਖ ਆਪਣੇ ਝੋਲ਼ੀ ਪਾ ਮੇਰੇ,
ਮੈਂ ਸੁੱਖ ਆਪਣੇ ਝੋਲ਼ੀ ਪਾਵਾਂ ਤੇਰੇ ।

ਉਮਰ ਤਾਂ ਲੰਘੀ ਸਮਝਦੇ, ਸਮਝਾਉਂਦੇ,
ਇੱਕ ਦੂਜੇ ਨੂੰ ਅਜੇ ਵੀ ਨਾ ਸਮਝੇ ।

ਜਾਂ ਮੈਂ ਨਿਮਾਣੀ ਤੈਂ ਸਮਝ ਨਾ ਮੇਰੀ,
ਜਾਂ ਮੈਂ ਕਮਲ਼ੀ ਮੈਨੂੰ ਸਮਝ ਨਾ ਤੇਰੀ ।

ਰਾਤਾਂ ਨੇ ਤੇਰੀਆਂ ਦਿਨ ਵੀ ਨੇ ਤੇਰੇ,
ਫਿਰ ਕਿਉਂ ਸੱਜਣਾਂ ਤੇਰੇ ਦਿਨ ਨਾ ਮੇਰੇ ।

ਹਰ ਰਾਤ ਤੇਰੀ ਰਾਹ ਪਈ ਤੱਕਦੀ,
ਨਜ਼ਰ ਨਾ ਆਵੇ ਤੇਰਾ ਚਿਹਰਾ, ਮੇਰੇ ।

ਜ਼ਿੰਦਗੀ ਦੀਆਂ ਮੰਜ਼ਲਾਂ ਵੱਲ ਵੱਧਦੇ,
ਨਿਸ਼ਾਨ ਨਾ ਲੱਭਦੇ ਕਿਧਰੇ ਵੀ ਤੇਰੇ ।

ਮੇਰੇ ਦਿਲ ਤੇ ਅੱਖੀਆਂ ’ਚ ਤੂੰ ਵੱਸੇ,
ਕਿਉਂ ਤੇਰਾ ਦਿਲ ਤੇ ਨਜ਼ਰ, ਨਾ ਮੇਰੇ ।

# ਤਲਾਸ਼

ਤੇਰੇ ਰਾਹਾਂ 'ਤੇ ਸਦਾ ਚੱਲਦੇ ਹੀ ਰਹਾਂਗੇ,
ਤੈਨੂੰ ਮਿਲਣ ਦਾ ਵਾਅਦਾ ਕਰਦੇ ਰਹਾਂਗੇ।

ਮੰਜ਼ਲ ਤੇਰੀ ਦੀ ਤਲਾਸ਼ 'ਚ ਫਿਰਦੇ ਰਹਾਂਗੇ,
ਤੇਰੇ ਬਸੇਰੇ ਦੀ ਭਾਲ਼ ਕਰਦੇ ਰਹਾਂਗੇ।

ਜਦੋਂ ਪਹੁੰਚਾਂਗੇ ਸੱਜਣਾ ਤੇਰੇ ਦਰ 'ਤੇ,
ਸਮਝ ਕੇ ਕਾਅਬਾ ਸੀਸ ਝੁਕਾਉਂਦੇ ਰਹਾਂਗੇ।

ਦਿਲ ਖੋਲ੍ਹ ਕੇ ਰੱਖਾਂਗੇ ਤੇਰੇ ਸਾਹਮਣੇ,
ਦਿਲ ਦੇ ਜ਼ਖ਼ਮ ਤੈਨੂੰ ਦਿਖਾ ਕੇ ਰਹਾਂਗੇ।

ਦਰਦ ਅਸਹਿ ਜੋ ਤੇਰੇ ਬਿਨਾਂ ਅਸਾਂ ਜਰਿਆ,
ਤੈਨੂੰ ਬੋਲ ਦੁੱਖੜਾ ਸੁਣਾਉਂਦੇ ਰਹਾਂਗੇ।

ਤੂੰ ਦੇਵੇਂਗਾ ਜਦੋਂ ਧਰਵਾਸਾ ਸੱਜਣਾ,
ਸੀਨੇ ਲੱਗ ਅੱਥਰੂ ਵਹਾਉਂਦੇ ਰਹਾਂਗੇ।

# ਸੁਗਾਤ

ਦਿਲ ਦੀ ਧੜਕਣ ਦੇਂਦੀ ਆਵਾਜ਼ ਹੈ,
ਜ਼ਿੰਦਗੀ ਦਰਦ ਭਰਿਆ ਸਾਜ਼ ਹੈ ।

ਦਿਲ 'ਚ ਛੁਪਿਆ ਅਜੇ ਨਾਂ ਤੇਰਾ,
ਆਖਿਰ ਇਹੀ ਮੇਰੀ ਪਹਿਚਾਣ ਹੈ ।

ਮੁੱਕ ਚੱਲੀ ਜ਼ਿੰਦਗੀ 'ਚੋਂ ਜ਼ਿੰਦਗੀ,
ਜੋ ਕੀਤੀ ਤੇਰੇ ਤੋਂ ਕੁਰਬਾਨ ਹੈ ।

ਦਿਲ ਅਸਾਂ ਦਾ ਹੋਇਆ ਜੋ ਵਿਰਾਨ,
ਯਾਦ ਤੇਰੀ ਉਸ ਵਿੱਚ ਆਬਾਦ ਹੈ ।

ਤਕਦੀਰਾਂ 'ਚ ਮੇਲ਼ ਨਾ ਲਿਖਿਆ ਸੀ,
ਏਸੇ ਲਈ ਜ਼ਿੰਦਗੀ ਬਰਬਾਦ ਹੈ ।

ਦਿਲ ਦੇਖੇ ਰਾਹ ਤੇਰਾ ਸੱਜਣਾ,
ਤੂੰ ਨਾ ਆਵੇ ਇਹ ਮੇਰੀ ਸੁਗਾਤ ਹੈ ।

# ਠੰਢੜੀ ਛਾਂ

ਨਾ ਮੈਂ ਧੀ
ਤੇਰੀ
ਨਾ ਤੇਰੀ
ਜਾਈ
ਕਾਹਤੋਂ
ਮੇਰੀ ਮਾਂ
ਬਣ ਬਹਿੰਦੀ ਏਂ
ਕਹਿੰਦੀ
ਘਰ ਤੇਰਾ
ਤੂੰ ਏਥੇ
ਰਹਿ ਜਾ
ਨਾ ਘਰ ਮੇਰਾ
ਨਾ ਮੈਂ
ਤੇਰੀ ਬੱਚੀ
ਕਾਹਤੋਂ ਤੇਰੇ ਘਰ
ਰਹਿੰਦੀ ਏਂ
ਤੂੰ ਮਾਂ
ਕਿਸੇ ਹੋਰ ਦੀ ਏਂ
ਫੇਰ ਕਾਹਤੋਂ
ਮੇਰੀ ਮਾਂ
ਬਣ ਬਹਿੰਦੀ ਏਂ
ਤੇਰੇ ਨਾਲ਼
ਨਾ ਮੈਂ
ਰਹਿਣਾ ਚਾਹੁੰਦੀ
ਫੇਰ ਕਾਹਤੋਂ
ਮੇਰੇ ਕੋਲ਼

ਰਹਿੰਦੀ ਏਂ
ਮੈਂ ਨਾ ਚਾਹਾਂ
ਤੇਰੇ ਕੋਲ਼
ਬਹਿਣਾ
ਫੇਰ ਕਿਉਂ
ਮੇਰੇ ਨਾਲ਼
ਢੁੱਕ ਬਹਿੰਦੀ ਏਂ
ਇਹ ਨਾ ਪੁੱਤ
ਨਾ ਪੋਤਰਾ ਤੇਰਾ
ਕਾਹਤੋਂ
ਤੇਰੇ ਸੀਨੇ
ਠੰਢ ਪੈਂਦੀ ਏ
ਇਹ ਨਾ ਧੀ
ਨਾ ਦੋਹਤਰਾ ਤੇਰਾ
ਫੇਰ ਕਾਹਤੋਂ
ਲਾਡ ਲੁਡਾਉਂਦੀ ਏਂ
ਤੂੰ ਨਾ
ਮਾਂ ਮੇਰੀ
ਨਾ ਮੈਂ ਧੀ ਤੇਰੀ
ਫੇਰ ਕਿਉਂ
ਤੂੰ ਦੋਹਤਾ
ਅਖਵਾਉਂਦੀ ਏਂ
ਨਾ ਮੈਂ
ਧੀ ਤੇਰੀ
ਨਾ ਤੂੰ
ਮਾਂ ਮੇਰੀ
ਫੇਰ ਕਿਉਂ
ਠੰਢੜੀ ਛਾਂ
ਬਣ
ਬਹਿੰਦੀ ਏਂ।

# ਯਾਦ - ਗੀਤ

ਤੂੰ ਨਾ ਮੇਰਾ ਬਣਿਆ ਵੇ
ਮੈਂ ਵੀ ਨਾ ਤੇਰੀ ਹੋ ਸਕੀ
ਫੇਰ ਕਿਉਂ ਚੰਦਰਿਆ ਅੱਜ
ਮੈਨੂੰ ਯਾਦ ਤੇਰੀ ਆਈ ਆ
ਆਜਾ ਵੇ ਸੱਜਣਾ ਆਜਾ
ਕਿਉਂ ਇੰਨੀ ਦੇਰ ਲਾਈ ਆ
ਆਜਾ ਵੇ ਸੱਜਣਾ ਆਜਾ

ਰੋਮ-ਰੋਮ ਮੇਰਾ ਤੈਨੂੰ ਪੁਕਾਰੇ
ਯਾਦ ਤੇਰੀ ਦੀ ਘੂਕਰ ਮਾਰੇ
ਦਿਲ ਰੋਵੇ ਲੱਖ ਕੁਰਲਾਵੇ
ਤੇਰੀਆਂ ਯਾਦਾਂ ਵਿੱਚ ਸਮਾਵੇ
ਆਜਾ ਵੇ ਸੱਜਣਾ ਆਜਾ

ਦੇਖਾਂ ਮੈਂ ਜਦੋਂ ਵੀ ਲੋਕਾਂ ਨੂੰ
ਮੇਰੇ ਦਿਲ ਭਾਂਬੜ ਮੱਚ ਉੱਠੇ
ਰੱਬਾ ਮੇਰੇ ਦਿਲ ਚੋਰ ਦੇ
ਦਿਲ ਅੰਦਰ ਕਿਧਰੇ ਅੱਗ ਲੱਗੇ
ਆਜਾ ਵੇ ਸੱਜਣਾ ਆਜਾ

ਤੂੰ ਮੈਨੂੰ ਆਵਾਜ਼ ਦੇਵੇਂ
ਮੈਂ ਵੀ ਤੈਨੂੰ ਸਾਜ਼ ਦੇਵਾਂ
ਇੱਕ ਵੱਖਰੀ ਦੁਨੀਆਂ ਦੀ
ਇੰਝ ਅੱਜ ਤੋਂ ਸ਼ੁਰੂਆਤ ਹੋਵੇ
ਆਜਾ ਵੇ ਸੱਜਣਾ ਆਜਾ

ਲੱਖ ਮਿੰਨਤਾਂ ਤਰਲੇ ਕਰਦੇ ਰਹੇ
ਦਿਨ-ਰਾਤ ਹਉਕੇ ਭਰਦੇ ਰਹੇ
ਕਿਤੇ ਭਿਣਕ ਨਾ ਲੱਗ ਜਾਏ ਉਸਨੂੰ
ਬੱਸ ਇਹੋ ਹੀਲਾ ਕਰਦੇ ਰਹੇ
ਆਜਾ ਵੇ ਸੱਜਣਾ ਆਜਾ

# ਮਾਂ ਦੀ ਪੀੜਾ-ਗੀਤ

ਮਾਂ ਦੀ ਪੀੜ ਕੋਈ ਨਾ ਜਾਣੇ,
ਧੀਆਂ ਬਾਝੋਂ ਕੋਈ ਨਾ ਪਹਿਚਾਣੇ,
ਧੀਆਂ ਹੀ ਮਾਵਾਂ ਦੇ ਦੁੱਖੜੇ ਸੁਣਦੀਆਂ,
ਧੀਆਂ ਹੀ ਮਾਂ ਦਾ ਦਰਦ ਜਾਣਦੀਆਂ,
ਧੀਆਂ ਤਾਂ ਆਖਿਰ ਧੀਆਂ ਨੇ ਜੋ ਮਾਂ ਦੀ,
ਪੀੜਾ ਜਾਣਦੀਆਂ...

ਮਾਂ ਆਹਾਂ ਭਰਦੀ ਰਹਿੰਦੀ ਏ,
ਸਾਰ ਨਾ ਕਿਸੇ ਨੂੰ ਉਸ ਦੇ ਘਰ ਦੀ ਏ,
ਇੰਝ ਰਾਤ ਦਿਨ ਹਉਕੇ ਭਰਕੇ,
ਆਪਣਿਆਂ ਬੱਚਿਆਂ ਦੇ ਸੁੱਖ ਭਾਲ਼ਦੀਆਂ,
ਧੀਆਂ ਤੇ ਆਖਿਰ ਧੀਆਂ ਨੇ....

ਅੰਦਰ ਵੜ-ਵੜ ਰੋਂਦੀਆਂ ਮਾਵਾਂ,
ਆਪਣੇ ਜਿਗਰ ਦੇ ਟੋਟੇ ਭਾਲ਼ਦੀਆਂ,
ਦੁੱਖੜੇ ਸਹਿ ਵੀ ਮੁਸਕੁਰਾਉਂਦੀਆਂ,
ਇੰਝ ਆਪਣਾ ਜੀਵਨ ਗੁਜ਼ਾਰਦੀਆਂ,
ਧੀਆਂ ਤੇ ਆਖਿਰ ਧੀਆਂ....

ਦਰਦ ਨਾਲ਼ ਕਿਵੇਂ ਜੂਝ ਰਹੀ,
ਅੰਦਰੋਂ-ਅੰਦਰ ਮੁੱਕਦੀ ਜਾ ਰਹੀ,
ਲਾਸ਼ ਬਣ ਬੱਸ ਜਿਉਂਦੀਆਂ ਰਹਿ ਗਈਆਂ,
ਹੱਥਾਂ 'ਚੋਂ ਨਿਕਲੇ ਲਾਲਾਂ ਨੂੰ ਭਾਲ਼ਦੀਆਂ,
ਧੀਆਂ ਤੇ ਆਖ਼ਿਰ ਧੀਆਂ...

ਧੀਆਂ ਬਾਝੋਂ ਕੋਈ ਨਾ ਸਮਝੇ,
ਨਾ ਕੋਈ ਉਹਦਾ ਦਰਦ ਪਹਿਚਾਣੇ,
ਦੁੱਖ ਸਹਿ ਕੇ ਹਉਕੇ ਭਰ ਕੇ ਵੀ,
ਇਵੇਂ ਆਪਣੇ ਬੱਚੇ ਪਾਲ਼ਦੀਆਂ,
ਧੀਆਂ ਤੇ ਆਖਿਰ ਧੀਆਂ....

ਧੀਆਂ ਨੂੰ ਵੀ ਕੋਈ ਜਾਣਨ ਨਾ ਦੇਵੇ,
ਮਾਂ ਦਾ ਦਰਦ ਪਹਿਚਾਣਨ ਨਾ ਦੇਵੇ,
ਇਹ ਘਰ ਤੇਰਾ ਤੇ ਉਹ ਘਰ ਉਹਦਾ,
ਇਹੋ ਲੇਖੇ ਕਰਦੇ ਰਹਿੰਦੇ ਨੇ,
ਧੀਆਂ ਤੇ ਆਖਿਰ ਧੀਆਂ ਨੇ ਜੋ ਮਾਂ ਦੀ,
ਪੀੜਾ ਜਾਣਦੀਆਂ...

# ਬਾਬਲ

ਸਾਲ ਬੀਤੇ, ਬੀਤੇ ਪਲ ਹਜ਼ਾਰਾਂ,
ਕਈ ਦਿਨ ਆਏ ਕਈ ਦਿਨ ਗੁਜ਼ਾਰਾਂ।

ਅੱਜ ਵੀ ਯਾਦ ਉਹ ਵੇਲ਼ਾ ਮੈਨੂੰ,
ਜਦ ਮਿਲੀ ਸੀ ਖ਼ਬਰ ਹੋਣੀ ਮੈਨੂੰ।

ਬਾਬਲ ਮੇਰਾ ਛੱਡ ਤੁਰ ਗਿਆ,
ਧੀ ਕਹਿਣ ਵਾਲ਼ਾ ਨਾ ਰਿਹਾ ਮੈਨੂੰ।

ਘੁੱਟ ਸੀਨੇ ਦੇ ਨਾਲ ਜੋ ਲਾਵੇ,
ਬਾਤਾਂ ਰਾਤਾਂ ਨੂੰ ਸੁਣਾਵੇ ਮੈਨੂੰ।

ਪਾਪਾ ਕਹਿ ਮੈਂ ਮੋਢੇ, ਚੜ੍ਹ ਜਾਵਾਂ ,
ਪਾਪਾ ਵੀ ਲਾਡ ਲਡਾਏ ਮੈਨੂੰ।

ਪੁੱਛਾਂ ਇੱਕ ਸਵਾਲ ਮੈਂ ਆਪੇ ਤੋਂ,
ਕਿਉਂ 'ਕੱਲਿਆਂ ਛੱਡ ਜਾਏ ਮੈਨੂੰ।

ਸਵਰਗਾਂ ਵਿੱਚੋਂ ਜੇ ਉਹ ਵੇਖੇ,
ਧੀ ਤੜਪਦੀ ਕਿਵੇਂ ਦੇਖੇ ਮੈਨੂੰ।

ਪਿਤਾ ਪਿਆਰ ਦੀ ਪੀਂਘ ਝੂਟਣ ਲਈ,
ਅੱਜ ਵੀ ਜ਼ਹਾਨ 'ਤੇ 'ਸੁੱਖੀ' ਲੱਭੇ ਤੈਨੂੰ।

# ਰਸਮਾਂ ਪਿਆਰ ਦੀਆਂ

ਨਾ ਆਸ਼ਾ ਨਾ ਹੀ ਕੋਈ ਵਾਅਦਾ,
ਇਹ ਪਿਆਰ ਏ ਜਾਂ ਇੰਨਕਾਰ ਏ ।

ਜ਼ਿੰਦਗੀ ਲੰਘੀ ਰਸਮਾਂ ਨਿਭਾਉਂਦੇ,
ਮਕਾਨ ਨੂੰ ਇਕ ਘਰ ਬਣਾਉਂਦੇ ।

ਅਜੇ ਵੀ ਦਿਲ ਦੋ ਬੋਲਾਂ ਨੂੰ ਤਰਸੇ ,
ਪਿਆਰ ਕਲੋਲਾਂ ਰਸਮਾਂ ਨੂੰ ਤਰਸੇ ।

ਵੇਖਾਂ ਲੋਕਾਂ ਨੂੰ ਹਉਕੇ ਭਰਕੇ,
ਕੰਤ ਮੇਰਾ ਕਦੇ ਮੈਨੂੰ ਚਾਹੇ ।

ਦਿਲ ਆਸ਼ਾ ਦੇ ਦੀਪ ਜਗਾਏ,
ਆ ਗਲ਼ਵਕੜੀ ਮੈਨੂੰ ਉਹ ਪਾਏ ।

ਪਿਆਰ ਉਹਦੇ ਦਾ ਝੂਟਾ ਲੈ ਕੇ,
ਦਿਲ ਬਿਨ ਖੰਭਾਂ ਦੇ ਉੱਡਦਾ ਜਾਏ ।

ਰੀਝਾਂ ਨਾਲ਼ ਦਿਲ ਨੀਹਾਂ ਭਰਕੇ,
ਆਪਣੇ ਦਿਲ ਇੱਕ ਮਹਿਲ ਪਾਏ ।

ਦੇਖੇਂ ਜਦੋਂ ਵੀ ਤੂੰ ਝਾਤੀ ਪਾ ਕੇ,
ਘੁੱਟ ਕੇ ਕਾਲਜੇ ਆਪਣੇ ਲਾਏਂ ।

ਦੁੱਖਾਂ-ਸੁੱਖਾਂ ਦੀਆਂ ਗੱਲਾਂ ਛੋਹ ਕੇ,
ਬੋਝ ਸਾਰੇ ਹੀ ਜ਼ਿੰਦਗੀ ਦੇ ਲਾਏ ।

ਇਹੋ ਅਰਦਾਸ ਜ਼ਿੰਦ ਕਰੇ ਹਰ ਪਲ,
ਸਵਰਗ ਤੇਰੀਆਂ ਬਾਹਾਂ 'ਚ ਪਾਏ ।

# ਚੇਤਾ

ਕੱਲ੍ਹ ਕੀਤੀ
ਸਰਚ
ਤੇਰੀ ਫ਼ੋਟੋ
ਲੱਭੀ
ਦਿਲ ਨਾਲ਼
ਲਾ
ਪਾਈ ਠੰਡ
ਕਲੇਜੇ
ਭੁੱਲੀਆਂ-ਵਿਸਰੀਆਂ
ਗੱਲਾਂ
ਯਾਦ ਕਰ
ਬੜਾ ਰੋਏ
ਸਮਝਾਇਆ ਮੁੜ
ਦਿਲ ਨੂੰ
ਸਾਡੀ
ਸਮਝ ਖੋਈ
ਇਹੋ ਹੋਣਾ ਸੀ
ਇਹੋ ਹੋਇਆ
ਜਦ ਨਈਂ
ਲਿਖਿਆ
ਵਿੱਚ ਤਕਦੀਰਾਂ
ਮੇਲ਼
ਉਡੀਕਾਂ
ਵਿੱਚ
ਜ਼ਿੰਦਗੀ ਲੰਘੀ

ਮੌਤ ਦਰਵਾਜ਼ੇ
ਆਣ ਖੜੀ
ਕਾਸ਼! ਕਦੇ ਤੂੰ
ਮੁੜ ਘਰ ਆਵੇਂ
ਮੇਰੇ ਸੁੱਤੇ
ਭਾਗ ਜਗਾਵੇਂ
ਜ਼ਿੰਦਗੀ ਲੰਘੀ
ਤੈਨੂੰ ਯਾਦ
ਕਰਦੇ
ਯਾਦ ਰਹੀ
ਨਾ
ਮੇਰੀ ਬਣਕੇ
ਸਮਝਾਂ ਨੇ
ਦਿੱਤੀਆਂ
ਸਮਝਾਂ
ਮੈਨੂੰ
ਰੱਖ ਹੌਸਲਾ
ਸ਼ਾਇਦ ਉਸਨੂੰ
ਚੇਤਾ ਤੇਰਾ
ਆ ਜਾਵੇ।

# ਆਹ

ਮੇਰੇ ਮੂੰਹ 'ਚੋਂ ਨਿੱਕਲ਼ਦਾ ਧੂੰਆਂ ਦੇਖ,
ਦੁਨੀਆਂ ਅਣਜਾਣੀ ਇਹ ਸਮਝ ਰਹੀ,
ਇਹਨੂੰ ਸਿਗਰਟ ਪੀਣ ਦੀ ਆਦਤ ਏ,
ਤੇ ਦੁਨੀਆਂ ਰੂਪੀ ਇਸ ਮਹਿਫ਼ਲ ਵਿੱਚ,
ਤਨਹਾ ਬੈਠੀ ਉਹ ਸਿਗਰਟ ਪੀ ਰਹੀ।

ਪਰ ਇਹ ਸਮਝ ਸਕੀ ਨਾ ਦੁਨੀਆਂ,
ਇਹ ਸਿਗਰਟ ਦਾ ਧੂੰਆਂ ਨਹੀਂ,
ਇਹ ਤਾਂ ਆਹਾਂ ਦਾ ਧੂੰਆਂ ਹੈ,
ਜੋ ਅਣਚਾਹੇ ਹੀ ਹੋਠਾਂ 'ਚੋਂ,
ਆਜ਼ਾਦ ਹੋਣ ਲਈ ਨਿੱਕਲ਼ ਰਿਹਾ।

ਚਾਹਿਆ ਤਾਂ ਸੀ ਰੋਕ ਲਵਾਂ ਇਹਨੂੰ,
ਤਾਂ ਕਿ ਬੇਦਰਦ ਦੁਨੀਆਂ ਨਾ ਦੇਖ ਲਵੇ,
ਫੇਰ ਰੁਸਵਾਈ ਕਰੇ ਸ਼ਰੇਆਮ ਮੇਰੀ,
ਰੁਸਵਾਈ ਤੋਂ ਡਰਦਿਆਂ-ਡਰਦਿਆਂ,
ਗਮ ਨੂੰ ਅੰਦਰ ਹੀ ਛੁਪਾ ਲਿਆ।
ਪਰ ਇਹ ਗਮ ਆਹਾਂ ਦੇ ਰਾਹੀਂ,
ਦੁਨੀਆਂ ਤਕ ਆਖਿਰ ਪਹੁੰਚ ਹੀ ਗਿਆ ,
ਬੇਰੁਖ ਦੁਨੀਆਂ ਇਹ ਜਾਣ ਨਾ ਸਕੀ,
ਇਸ ਵਿੱਚ ਉਹਦਾ ਕੀ ਕਸੂਰ ਸੀ।

ਇਹ ਔਰਤ ਜੋ ਕਦੇ ਮਾਸੂਮ ਸੀ,
ਅੱਜ ਆਹਾਂ ਵਿੱਚ ਖੋਹ ਗਈ,
ਜ਼ਿੰਦਗੀ ਦੇ ਹਸੀਨ ਸੁਪਨਿਆਂ ਨੂੰ,
ਏਸ ਧੂੰਏਂ ਵਿੱਚ ਹੀ ਡੁਬੋ ਗਈ।

ਤੇ ਅਕਸਰ ਉਹ ਭੁੱਲ ਜਾਂਦੀ ਹੈ,
ਕਿ ਉਸਦੇ ਹੱਥ 'ਚ ਜਲਦਾ ਟੁਕੜਾ ਹੈ।

ਜਿਸ ਨੂੰ ਜ਼ਿੰਦਗੀ ਦੀ ਹਸੀਨ ਘੜੀ ਸਮਝ,
ਉਹ ਪੀ ਰਹੀ ਤੇ ਜੀ ਰਹੀ,
ਪਰ ਇਹ ਜਲਦਾ ਟੁਕੜਾ ਉਸਦੇ ਜਿਸਮ ਦੇ,
ਜ਼ਰੇ-ਜ਼ਰੇ ਨੂੰ ਜਲਾ ਕੇ ਰਾਖ ਕਰ ਦੇਵੇਗਾ,
ਪਰ ਇਸ ਸਭ ਤੋਂ ਹੀ ਅਣਜਾਣ,
ਉਹ ਕੰਡਿਆਲ਼ੇ ਰਾਹ 'ਤੇ ਚੱਲਦੀ,
ਜਾ ਰਹੀ ਮੰਜ਼ਲ ਦੀ ਚਾਹਤ ਵਿੱਚ,

ਇਹ ਸਭ ਜਾਣਦੇ ਹੋਏ ਵੀ ਕਿ ,
ਇਹ ਮੰਜ਼ਲ ਉਸਦੀ ਨਹੀਂ ਤੇ ਕਦੇ ਵੀ,
ਉਹਨੂੰ ਮੰਜ਼ਲ ਨਹੀਂ ਮਿਲ ਸਕਦੀ ,
ਫਿਰ ਵੀ ਠੋਕਰ ਖਾਣ ਨੂੰ ਚੱਲਦੀ ਜਾ ਰਹੀ।

ਰਸਤੇ ਦੀ ਧੂੜ ਉਡਾਂਦੀ ਅਡੋਲ,
ਚੱਲਦੀ ਜਾ ਰਹੀ ਅੱਗੇ ਹੀ ਅੱਗੇ,
ਮੰਜ਼ਲ ਦੀ ਤਲਾਸ਼ 'ਚ ਵੱਧਦੀ ਜਾ ਰਹੀ।

# ਅਹਿਸਾਸ ਮੌਤ ਤੋਂ ਬਾਅਦ

ਜ਼ਿੰਦਗੀ ਗਵਾਈ ਭੰਗ ਦੇ ਭਾੜੇ,
ਨਾ ਸਾਥੀ ਨਾ ਬੇਲੀ ਬਸ ਹਾੜੇ।

ਜਿਨ੍ਹਾਂ ਲੋਕਾਂ ਲਈ ਸੀ ਉਹ ਮਰਦੀ,
ਕਿਸੇ ਸਾਰ ਲਈ ਨਾ ਇਸ ਘਰ ਦੀ।

ਜੇਹੀ ਆਈ ਤੇਹੀ ਚਲੀ ਗਈ,
ਯਾਦ ਨਾ ਆਈ ਕਿਸੇ ਵੀ ਦਰਦੀ।

ਤੇਰੇ ਦੁੱਖ ਦਾ ਨਾ ਕੋਈ ਸੰਗੀ,
ਨਾ ਯਾਦ ਸੰਭਾਲ਼ੀ ਕਿਸੇ ਸੰਗੀ।

ਜ਼ਿੰਦਗੀ ਜਿਨ੍ਹਾਂ ਦੇ ਲੇਖੇ ਲਾਏ,
ਦਰਦ ਵੰਡਾਉਣ ਨਾ ਕੋਈ ਆਏ।

ਨਾ ਸਾਥੀ ਨਾ ਸਹੇਲੀ ਕੋਈ,
ਤੈਨੂੰ ਯਾਦ ਕਰ ਕਦੇ ਵੀ ਰੋਈ।

ਉਮੀਦਾਂ 'ਚ ਜੀਵਨ ਇਵੇਂ ਕੱਟਦੀਆਂ,
ਰੋਜ਼ ਰਾਤ ਨੂੰ ਉਹ ਇਵੇਂ ਮਰਦੀਆਂ।

ਵੇਖ ਉਹਨਾਂ ਨੂੰ ਨਿੱਤ ਦਿਲ ਝੁਰੇ,
ਦੁੱਖ ਵੰਡਣ ਦਾ ਹੱਲ ਨਾ ਫੁਰੇ।

# ਭੈਣ ਦੀ ਅਸੀਸ

ਮਾਂ ਦੀਆਂ ਅੱਖਾਂ ਦਾ ਨੂਰ,
ਬਾਪੂ ਦੇ ਦਿਲ ਦਾ ਸਰੂਰ ਏ,
ਬੜਾ ਪਿਆਰਾ ਨਿੱਕਾ ਵੀਰ,
ਭੈਣ ਦਾ ਤਾਂ ਗਰੂਰ ਏ।

ਜੁੱਗ-ਜੁੱਗ ਜੀ ਵੀਰਿਆ ਵੇ ,
ਠੰਡ ਮਾਂ ਕਲੇਜ਼ੇ ਨੂੰ ਪਾ ਵੇ,
ਲੰਮੀਆਂ ਉਮਰਾਂ ਰੱਬ ਦੇਵੇ,
ਕਦੇ ਲੱਗੇ ਨਾ ਤੱਤੀ ਵਾ ਵੇ ।

ਮਾਪਿਆਂ ਦਾ ਤੂੰ ਸਹਾਰਾ ਬਣ ,
ਭੈਣ ਸਿਰ ਸਦਾ ਹੱਥ ਧਰੇਂ ਵੇ,
ਮਿਲੇ ਕਾਮਯਾਬੀ ਹਰ ਕਦਮ ,
ਨਾ ਮਿਲੇ ਜ਼ਿੰਦਗੀ 'ਚ ਹਾਰ ਵੇ।

ਰੱਬ ਨਿਵਾਜ਼ੇ ਚੰਗੀ ਮੱਤ ਨਾਲ਼,
ਸੰਗਤ ਨਾ ਮਾੜੀ ਮਿਲੇ ਤੈਨੂੰ,
ਸ਼ਾਲਾ ਜਵਾਨੀ ਮਾਣੇਂ ਵੀਰ ,
ਕਦੇ ਨਜ਼ਰ ਨਾ ਲੱਗੇ ਤੈਨੂੰ।

ਚਾਅ, ਸੱਧਰਾਂ, ਰੀਝਾਂ ਪਰੋਕੇ,
ਗੁੱਟ ਰੱਖੜੀ ਸਜਾਉਂਦਾ ਰਵੇਂ,
ਰੱਬ ਤੋਂ ਮੰਗਾਂ ਇਹੀ ਦੁਆ ਮੈਂ ,
ਮੇਰਾ ਵੀਰ ਸਦਾ ਖ਼ੁਸ਼ਹਾਲ ਰਵੇ ।

# ਅਜੋਕੀ ਰੱਖੜੀ

ਰੱਖੜੀ ਪਿਆਰ ਦੀਆਂ ਸੋਹਣੀਆਂ ਤੰਦਾਂ,
ਭੈਣਾਂ ਗੁੰਦ ਲਿਆਵਣ ਪਿਆਰ ਵਿੱਚ ਤੰਦਾਂ।

ਵੀਰ ਵੀ ਲਾ-ਲਾ ਨੀਝਾਂ ਰੱਖੜੀ ਵੱਲੇ ਵੇਖੇ ,
ਕਿਵੇਂ ਭੈਣ ਪਰੋ ਲਿਆਈ ਚਾਅ ਵਿੱਚ ਤੰਦਾਂ।

ਭਾਬੀ ਪਿਆਰ ਨਾਲ਼ ਖਿੱਚੜੀ, ਦਹੀ ਅੱਗੇ ਰੱਖ,
ਪੇਕੇ ਜਾਣ ਲਈ ਦੌੜੀ ਭਾਬੀ ਦਾ ਵੀ ਵੀਰ ਉਡੀਕੇ।

ਸੋਚੇ ਕਦੋਂ ਭੈਣ ਆ ਦਹਿਲੀਜ਼ ਪੈਰ ਪਾਵੇ,
ਬੜੇ ਚਾਵਾਂ ਨਾਲ਼ ਰੱਖੜੀ ਗੁੱਟ ’ਤੇ ਸਜਾਵੇ।

ਪਰ ਸਮੇਂ ਨੇ ਅੱਜ ਅਜਿਹਾ ਪਲਟਾ ਖਾਦਾ,
ਨਾ ਗੀਤਾਂ, ਨਾ ਚਾਅ ਤੇ ਨਾ ਹੀ ਉਡੀਕਾਂ ਰਹੀਆਂ।

ਆਪਣੀ-ਆਪਣੀ ਦੁਨੀਆਂ ਵਿੱਚ ਮਸਤ ਸਭ ਹੋਏ,
ਵੀਰ ਕਹਿਣ ਅੱਜ ਕੀਹਨੇ ਇਹ ਪੁੱਠੀ ਰੀਤ ਹੈ ਚਲਾਈ।

ਜੋ ਹਰ ਸਾਲ ਹੀ ਰੱਖੜੀ ਪੈਂਦੀ ਹੈ ਬਣਾਉਣੀ,
ਕਿਹੜਾ ਕੰਨਟਰੈਕਟ ਜੋ ਹਰ ਸਾਲ ਰਿਨੀਉ ਕਰਾਉਣਾ।

ਭੈਣਾਂ ਵੀ ਅੱਜ ਰੱਖੜੀ ਫ਼ੋਨ ’ਤੇ ਹੀ ਪਾਵਣ,
ਕਾਲ ਕਰ ਵੀਰ ਨੂੰ ਰੱਖੜੀ ਫ਼ੋਨ ਤੇ ਪਹੁੰਚਾਵਣ ।

ਕਹਿਣ ਵੀਰੇ ਛੁੱਟੀ ਨਾ ਕੋਈ ਮੈਨੂੰ ਜਾਣਾ ਪੈਣਾ ਕੰਮ ’ਤੇ,
ਨਾ ਕਰ ਸਕਦੀ ਮੈਂ ਦੇਰੀ ਵੀਰ ਨੇ ਫੜ ਗੁੱਟ ਨਾਲ਼ ਲਾ ।

ਬੂਹੇ ਵੱਲੇ ਭੱਜਿਆ ਲੋਡ ਚੁੱਕਣ ਦਾ ਵੇਲਾ ਹੋ ਗਿਆ,
ਅੱਜ ਭੈਣ ਦੀ ਕਾਲ ਨੇ ਤਾਂ ਮੈਨੂੰ ਬੜੀ ਦੇਰ ਕਰਾਈ ।

# ਪੰਛੀ ਪੰਖੇਰੂ

ਦਿਲ ਬਾਗੇ ਇੱਕ ਪੰਛੀ ਬੈਠਾ,
ਮਾਰ ਉਡਾਰੀ ਗਿਆ ਉਹ ਉੱਡ,
ਦੋ ਪਲ ਲਈ ਜੋ ਛਾਂ ਸੀ ਮਾਣੀ,
ਅੱਜ ਗਿਆ ਉਸਨੂੰ ਉਹ ਸਭ ਭੁੱਲ।

ਜ਼ਿੰਦਗੀ ਨੂੰ ਸਮਝਣ ਦੀ ਇੰਝ,
ਜੋ ਕੀਤੀ ਸੀ ਉਸਨੇ ਇਹ ਭੁੱਲ,
ਦੇਖ ਦੁਨੀਆਂ ਦੀ ਸੋਹਣੀ ਸੂਰਤ,
ਉਸਤੇ ਗਿਆ ਉਹ ਇਉਂ ਡੁੱਲ।

ਜ਼ਿੰਦਗੀ 'ਚ ਫੇਰ ਇਉਂ ਗੁਆਚੇ,
ਆਪਾ ਵੀ ਗਏ ਉਹ ਭੁੱਲ,
ਜੀਵਨ ਦੀ ਰੰਗੀਨੀ ਵਿੱਚ ਖੋ,
ਮਸਤੀ ਵਿੱਚ ਗਏ ਉਹ ਝੁੱਲ।

ਫੁੱਲ ਤੇ ਮਾਲੀ ਨਿਖੜੇ ਇੱਦਾਂ,
ਕੀਹਦੇ ਤੋਂ ਹੋ ਗਈ ਏ ਭੁੱਲ,
ਪਿਆਰ ਨੂੰ ਲੱਭਦੇ, ਸਮੇਟਦੇ,
ਜ਼ਿੰਦਗੀ ਗਈ ਗਮਾਂ 'ਚ ਘੁੱਲ।

ਜ਼ਿੰਦਗੀ ਦੀਆਂ ਤਰਕਾਲ਼ਾਂ ਹੋਈਆਂ,
ਬਹਾਰਾਂ ਗਈਆਂ ਖਿੱਲਣਾ ਭੁੱਲ,
ਰਾਤ ਚਾਨਣੀ ਦਿਨ ਸੁਨਹਿਰੀ,
ਗਏ ਇੱਕੋ ਤੱਕੜੀ ਸਭ ਤੁੱਲ।

ਬੈਠੇ ਜ਼ਿੰਦਗੀ ਦਾ ਲੇਖਾ ਕਰਦੇ,
ਕਿੱਥੇ ਹੋ ਗਈ ਏ ਸਾਥੋਂ ਭੁੱਲ,
ਮਾਰ ਉਡਾਰੀ ਬੋਟ ਉੱਡ ਗਏ,
ਪੰਛੀ ਵੀ ਗਏ ਆਲ੍ਹਣੇ ਰੁੱਲ।

# ਅਸਲੀ ਰਾਹ

ਸੱਚ ਦਾ ਪੱਲਾ ਫੜ ਤੂੰ ਬੰਦਿਆ,
ਝੂਠ ਕੁਫ਼ਰ ਨਾ ਤੋਲ ਤੂੰ ਬੰਦਿਆ,
ਜੀਵਨ ਜੋ ਦੋ ਪਲ ਲਈ ਮਿਲਿਆ,
ਅਜ਼ਾਈਂ ਨਾ ਰੋਲ਼ ਤੂੰ ਬੰਦਿਆ।

ਸੱਚ ਦੀ ਤੱਕੜੀ ਆਪਾ ਤੋਲ ਕੇ,
ਪਾਪ ਪੁੰਨ ਦਾ ਭੇਤ ਪਾ ਲੈ ਬੰਦਿਆ,
ਕਰੜੀ ਮਿਹਨਤ, ਭਲਾਈ ਕਰਕੇ,
ਜੀਵਨ ਮਿਸਾਲ ਬਣਾ ਲੈ ਬੰਦਿਆ।

ਬੇਬਸ ਲਚਾਰਾਂ ਨੂੰ ਸੰਭਾਲ ਕੇ,
ਜੀਵਨ ਖ਼ੁਸ਼ੀ ਭਰ ਲੈ ਬੰਦਿਆ,
ਮਜ਼ਲੂਮਾਂ ਦੀਆਂ ਅਸੀਸਾਂ ਪਾਕੇ,
ਝੋਲ਼ੀ ਦੁਆਵਾਂ ਭਰ ਲੈ ਬੰਦਿਆ।

ਵੇਖ ਕੁਦਰਤ ਦਾ ਸੋਹਣਾ ਪਸਾਰਾ,
ਅੱਖਾਂ ਰੋਸ਼ਨੀ ਭਰ ਲੈ ਬੰਦਿਆ,
ਦੂਜੇ ਦੇ ਦੁੱਖ ਵਿੱਚ ਦੁਖੀ ਹੋ ਕੇ,
ਸੁੱਖ ਸਭ ਦੀ ਝੋਲ਼ੀ ਭਰ ਲੈ ਬੰਦਿਆ।

ਮੁਹੱਬਤ ਤੇ ਚੰਗਿਆਈ ਵੰਡਕੇ,
ਅਸੀਸਾਂ ਦੇ ਖ਼ਜ਼ਾਨੇ ਭਰ ਲੈ ਬੰਦਿਆ,
ਰਾਹ ਲੰਮੇਰਾ ਇਸ ਜ਼ਿੰਦਗੀ ਦਾ,
ਮੁਸੀਬਤਾਂ ਹੱਸਕੇ ਜਰ ਲੈ ਬੰਦਿਆ।

ਸੁੱਖ, ਦੁੱਖ ਦੋ ਪਹਿਲੂ ਨੇ ਜੀਵਨ ਦੇ,
ਮਿਲੀਆਂ ਖ਼ੁਸ਼ੀਆਂ ਹੰਢਾ ਲੈ ਬੰਦਿਆ,
ਦੁੱਖ ਤਾਂ ਸਾਥੀ ਉਮਰਾਂ ਦੇ ਹੋਵਣ,
ਹੌਂਸਲੇ ਨਾਲ਼ ਜੀਵਨ ਕੱਟ ਲੈ ਬੰਦਿਆ।

ਭੈੜੇ ਵਿਚਾਰ ਖ਼ੁਦਕਸ਼ੀ ਵਰਗੇ,
ਮੁਸੀਬਤਾਂ ਝੱਲਦੇ ਵੀ ਮਨੋਂ ਕੱਢ ਲੈ ਬੰਦਿਆ,
ਜ਼ਿੰਦਗੀ ਤਾਂ ਇਹ ਬੜੀ ਕੀਮਤੀ,
ਦੂਜਿਆਂ ਦਾ ਬਣਕੇ ਕੱਟ ਲੈ ਬੰਦਿਆ।

ਸਭ ਦੇ ਸੁੱਖ 'ਚ ਖ਼ੁਸ਼ ਹੋ ਕੇ,
ਮਸਤੀ ਜ਼ਿੰਦਗੀ 'ਚ ਭਰ ਲੈ ਬੰਦਿਆ,
ਬੇ-ਆਸਰਿਆਂ ਦਾ ਆਸਰਾ ਬਣ ਕੇ,
ਜੀਵਨ ਸਫ਼ਲਾ ਕਰ ਲੈ ਬੰਦਿਆ।

ਠੋਕਰਾਂ ਭਾਵੇਂ ਮਿਲਣ ਹਜ਼ਾਰਾਂ,
ਸਚਾਈ ਪੱਲਾ ਫੜ ਅੱਗੇ ਵੱਧ ਲੈ ਬੰਦਿਆ,
ਔਂਕੜਾਂ ਭਾਵੇਂ ਆਵਣ ਹਜ਼ਾਰਾਂ,
ਕਰ ਸਿਮਰਨ ਜੀਵਨ ਕੱਟ ਲੈ ਬੰਦਿਆ।

# ਆਜਾ ਗੁਰੁ ਗੋਬਿੰਦ

ਆਜਾ ਗੁਰੂ ਗੋਬਿੰਦ ਮੁੜਕੇ, ਆਜਾ ਤੂੰ,
ਆਕੇ ਆਪਣੀ ਕੌਮ ਨੂੰ ਅੱਜ ਬਚਾ ਜਾ ਤੂੰ।

ਤੇਰੀ ਕੁਰਬਾਨੀ ਦਾ ਕੋਈ ਮੁੱਲ ਨਾ ਤਾਰ ਦਾ,
ਪਾ ਸਿੱਧੇ ਰਾਹ ਆਪਣੀ ਕੌਮ ਨੂੰ ਤਾਰ ਜਾ।

ਦਿਖ ਕਾਰਨ ਗੱਭਰੂ ਵਾਲ਼ ਕੱਟੀ ਜਾਂਦੇ ਨੇ,
ਤੇਰੀਆਂ ਨਿਸ਼ਾਨੀਆਂ ਦਾ ਮੁੱਲ ਨਾ ਪਾਉਂਦੇ ਨੇ।

ਵਿਰਸਾ ਮੁੱਕੀ ਜਾਂਦਾ ਠੱਲ ਕੋਈ ਪਾਵੇ ਨਾ,
ਤੇਰੇ ਦਿੱਤੇ ਸਰੂਪ ਦੀ ਇੱਜ਼ਤ ਵਧਾਵੇ ਨਾ।

ਤੇਰੇ ਸਰੂਪ ਪਾੜ ਬਾਜ਼ਾਰਾਂ 'ਚ ਰੋਲ਼ਦੇ,
ਪੈਸੇ ਦੀ ਖਾਤਰ ਦੀਨ ਇਮਾਨ ਡੋਲਦੇ ਨੇ।

ਨਦੀਆਂ ਚਿੱਟੇ ਦੀਆਂ ਪੰਜਾਬ 'ਚ ਵੱਗਦੀਆਂ,
ਰੁਜ਼ਗਾਰ ਨਾ ਲੱਭੇ ਨਸ਼ੇ ਆਮ ਲੱਭ ਜਾਂਦੇ ਨੇ।

ਪਾਣੀ ਨਾ ਮਿਲੇ ਸਾਫ਼ ਕਿਧਰੇ ਵੀ ਪੀਣ ਲਈ,
ਕੈਮੀਕਲ ਦੇ ਜ਼ਹਿਰ ਪਾਣੀ 'ਚ ਘੁਲ਼ੇ ਨੇ।

ਪੀ ਨਸ਼ਾ ਜਵਾਨੀ ਗਰਕ ਕਰੀ ਜਾਂਦੇ ਨੇ,
ਨੌਜਵਾਨ ਅਣਿਆਈ ਮੌਤ ਮਰੀ ਜਾਂਦੇ ਨੇ।

ਕੀਟ ਨਾਸ਼ਕ ਧਰਤੀ ਬੰਜਰ ਕਰੀ ਜਾਂਦੇ ਨੇ,
ਸਪਰੇਅ ਕਾਰਨ ਲੋਕ ਕੈਂਸਰ ਨਾਲ਼ ਮਰੀ ਜਾਂਦੇ ਨੇ ।

ਕਰਜ਼ੇ ਖਾਤਿਰ ਕਿਸਾਨ ਫਾਹੇ ਲਈ ਜਾਂਦੇ ਨੇ,
ਬੇਰੁਜ਼ਗਾਰੀ ਦੀ ਚੱਕੀ 'ਚ ਗੱਭਰੂ ਪਿੱਸਦੇ ਨੇ।

ਬੇਰੁਜ਼ਗਾਰੀ ਦਾ ਪਸਾਰਾ ਸਾਰੇ ਫੈਲਿਆ,
ਬੇਰੁਜ਼ਗਾਰੀ ਕਰਕੇ ਖ਼ੁਦਕਸ਼ੀ ਕਰਦੇ ਨੇ।

ਧੀ ਨਾ ਸਾਂਝੀ ਰਹੀ ਅੱਜ ਪਿੰਡ ਸਾਰੇ ਦੀ,
ਹੱਡ ਮਾਸ ਵਾਂਗ ਮੌਕਾ ਮਿਲੇ ਨੋਚਦੇ ਨੇ।

ਜੰਮਦੇ ਸੁੱਟਦੇ ਜਾਂ ਦਾਜ ਬਲੀ ਚਾੜ੍ਹਦੇ,
ਹੱਕ ਖੋਹ ਜੀਣ ਦਾ ਹੱਵਸੀ ਮਾਰਦੇ ਨੇ।

ਕੁੱਖ 'ਚ ਮਾਰਦੇ ਜਾਂ ਤੇਜ਼ਾਬ ਪਾ ਸਾੜਦੇ,
ਬੱਚ ਜਾਣ ਫੇਰ ਕੋਠੇ 'ਤੇ ਬਿਠਾਉਂਦੇ ਨੇ।

ਭਰਾ ਨਾ ਭਰਾ ਦਾ ਜਾਇਦਾਦ ਲਈ ਮਾਰਦੇ,
ਕਲਯੁਗੀ ਮਾਪੇ ਆਪ ਬੱਚੇ ਮਾਰਦੇ ਨੇ।

ਪੈਸੇ ਲਈ ਬੱਚੇ ਮਾਪੇ ਘਰੋਂ ਕੱਢਦੇ,
ਨਿੱਤ ਸੜਕਾਂ 'ਤੇ ਬਿਨਾਂ ਛੱਤ ਮਾਪੇ ਰੁਲ਼ਦੇ ਨੇ।

ਆ ਗੁਰੂ ਗੋਬਿੰਦ ਮੁੜ ਅੱਜ ਆਜਾ ਤੂੰ,
ਕੌਮ ਨੂੰ ਚੰਗਿਆਈ ਦਾ ਪਾਠ ਪੜ੍ਹਾ ਜਾ ਤੂੰ।

ਗੁਨਾਹਾਂ ਨਾਲ਼ ਤੱਪਦੀ ਧਰਤ ਪਾਪ ਘਟਾ ਤੂੰ,
ਤੱਪਦੇ ਦਿਲਾਂ ਨੂੰ ਠੰਡ ਪਾ ਦੇਸ਼ ਬਚਾਲਾ ਤੂੰ।

# ਅਣਹੋਣੀ

ਗਿਆਨ ਦਾ ਇੱਕ ਬਾਗ਼ ਲਗਾਇਆ,
ਨਿੱਕੇ ਨੰਨ੍ਹੇ ਬਾਲਾਂ ਨਾਲ਼ ਸਜਾਇਆ।

ਉੱਚੇ-ਸੁੱਚੇ ਸੁਪਨਿਆ ਦਾ ਜ਼ਾਲ ਵਿਛਾਇਆ,
ਚੰਗੀ ਸਿੱਖਿਆ ਨੂੰ ਸਾਰੇ ਪਾਸੇ ਫੈਲਾਇਆ।

ਸਕੂਲ ਦਾ ਦੇਸ਼ 'ਚ ਨਾਮ ਸੀ ਚਮਕਾਇਆ,
ਨਵੀਂ ਵਿੱਦਿਆ ਸ਼ੈਲ਼ੀ ਨੂੰ ਆਧਾਰ ਬਣਾਇਆ।

ਮਿਹਨਤ, ਸਲੀਕਾ, ਵਿੱਦਿਆ ਸੀ ਵੰਡਦੇ,
ਚਾਵਾਂ ਨਾਲ ਮੰਨ ਅਰਸ਼ਾਂ 'ਚ ਉੱਡਾਇਆ।

ਦੁਨੀਆ ਜਿਵੇਂ ਜਿੱਤ ਲਈ ਹੋਵੇ ਸਾਰੀ,
ਰਹਿਮਤਾਂ ਨਾਲ਼ ਝੋਲ਼ੀ ਨੂੰ ਸੀ ਭਰਾਇਆ।

ਰੱਬ ਦਿੱਤੀਆਂ ਸੋਗਾਤਾਂ ਖ਼ੂਬ ਹੰਢਾਇਆ,
ਰੱਬ ਦਾ ਲੱਖ ਸ਼ੁਕਰ ਸੀ ਮਨਾਇਆ।

ਜ਼ਿੰਦਗੀ ਇਹ ਦੋ ਪਲਾਂ ਲਈ ਮਿਲ਼ੀ ਸੀ,
ਇਸ ਗੱਲੋਂ ਬੜੇ ਹੀ ਅਣਜਾਣ ਪਾਇਆ।

ਜ਼ਿੰਦਗੀ ਦੀ ਤੰਦ ਟੁੱਟੀ ਅੱਧਵਾਟੇ,
ਅਣਹੋਣੀ ਨੇ ਆਪਣਾ ਰੰਗ ਦਿਖਾਇਆ ।

ਦੋ ਪਲ ਪਹਿਲਾਂ ਜੋ ਹੱਸਦੇ-ਖੇਡਦੇ ਸੀ,
ਪਲਾਂ ਵਿੱਚ ਮੌਤ ਨੇ ਆਣ ਮੁਕਾਇਆ।

ਨੰਨ੍ਹੀਆਂ ਜ਼ਿੰਦਾਂ ਸਹਿਮ, ਕੇ ਮੁਰਝਾਈਆਂ,
ਦੁੱਖ ਵਿੱਚ ਗੁੰਮ-ਸੁੰਮ ਸਭ ਕੁਮਲਾਇਆ ।

ਸਾਰਾ ਸ਼ਹਿਰ ਇਵੇਂ ਗਮਗੀਨ ਸੀ ਹੋਇਆ,
ਹਰ ਪਾਸੇ ਚੁੱਪ ਦਾ ਪਸਾਰਾ ਸੀ ਛਾਇਆ।

ਗਿਆਨ ਦੀਆਂ ਪੀਂਘਾਂ ਕੁਝ ਇਵੇਂ ਟੁੱਟੀਆਂ,
ਘਰ, ਸਕੂਲ ਬਾਜ਼ਾਰ ਨੂੰ ਉਦਾਸੀ ਹੰਢਾਇਆ।

ਅਣਹੋਣੀ ਕਵਿਤਾ ਮੈਂ ਮੈਡਮ ਸੰਧੂ ਜੀ ਜੋ ਕਿ ਬਹੁਤ ਨਾਮੀ ਸਕੂਲ ਦੇ ਪ੍ਰਿੰਸੀਪਲ ਸਨ । ਮਿਹਨਤ, ਲਗਨ ਤੇ ਬੜੀ ਹੀ ਸੁਹਿਰਦਤਾ ਨਾਲ਼ ਸਕੂਲ ਚਲਾ ਰਹੇ ਸਨ । ਕਿ ਅਚਾਨਕ ਬਹੁਤ ਹੀ ਦਰਦਨਾਕ ਕਾਰ ਹਾਦਸਾ ਹੋਇਆ । ਜਿਸ ਵਿੱਚ ਪਿਆਰੇ ਮੈਡਮ ਤੇ ਉਹਨਾਂ ਦੇ ਡਾਕਟਰ ਪਤੀ ਦੀ ਮੌਤ ਹੋ ਗਈ । ਮੇਰਾ ਬੇਟਾ ਉਹਨਾਂ ਦੇ ਸਕੂਲ ਪੜ੍ਹਦਾ ਹੋਣ ਕਰਕੇ ਮੈਨੂੰ ਉਹਨਾਂ ਨੂੰ ਮਿਲਣ ਦੇ ਕੁਝ ਮੌਕੇ ਮਿਲੇ ਸਨ । ਉਹਨਾਂ ਦੇ ਵਿਅਕਤੀਤਵ ਤੋਂ ਮੈਂ ਕਾਫੀ ਮੁਤਾਸਿਰ ਰਹੀ ਹਾਂ, ਅੱਜ ਵੀ ਉਹਨਾਂ ਦੀ ਯਾਦ ਮੇਰੇ ਦਿਲ ਵਿੱਚ ਕਾਇਮ ਹੈ । ਜਦੋਂ ਇਹ ਦੁਖਾਂਤ ਵਾਪਰਿਆ ਸੀ, ਮਨ ਬਹੁਤ ਦੁਖੀ ਹੋਇਆ । ਇਸ ਕਵਿਤਾ ਦੀਆਂ ਲਾਇਨਾਂ ਮੈਂ ਉਦੋਂ ਲਿਖੀਆਂ ਸਨ । ਜੋ ਮੈਂ ਅੱਜ ਤੁਹਾਡੀ ਨਜ਼ਰ ਕਰ ਰਹੀ ਹਾਂ।

# ਵਕਤ

ਆਪਣੇ ਕੱਲ੍ਹ ਨੂੰ ਨਾ ਭੁਲਾ ਸਕੇ ਜਿਵੇਂ,
ਆਪਣੇ ਅੱਜ ਨੂੰ ਭੁੱਲ ਜਾਈਏ ਕਿਵੇਂ।

ਕੱਲ੍ਹ ਵੀ ਜੋ ਆਪਣਾ ਨਾ ਹੋਇਆ ਸੀ,
ਅੱਜ ਵੀ ਉਸ 'ਤੇ ਮਾਣ ਕਰੀਏ ਕਿਵੇਂ।

ਜ਼ਿੰਦਗੀ ਇਦਾਂ ਹੀ ਗੁਜ਼ਰਦੀ ਜਾ ਰਹੀ,
ਕਿਸੇ ਸਹਾਰੇ ਦੀ ਖਾਹਿਸ਼ ਨਾ ਰਹੀ ਜਿਵੇਂ।

ਕੱਲ੍ਹ ਵੀ ਬੇਆਸ ਲੰਘ ਗਿਆ ਜਿਵੇਂ,
ਅੱਜ ਵੀ ਸੁੰਨਸਾਨ ਗੁਜ਼ਰ ਜਾਵੇਗਾ ਤਿਵੇਂ।

ਜ਼ਿੰਦਗੀ ਤਨਹਾਈ 'ਚ ਬੀਤ ਰਹੀ ਇਵੇਂ,
ਕੋਈ ਆਪਣਾ ਹੋਵੇ ਨਸੀਬ ਨਈ ਜਿਵੇਂ।

# ਹਿਜ਼ਰ

ਬਦਨਾਮੀ ਦਾ ਜੇ ਡਰ ਨਾ ਹੋਵੇ ,
ਹਿਜ਼ਰ ’ਚ ਸੜ ਕੋਲਾ ਹੋ ਸੁਲਗਦੇ।

ਇਉਂ ਰੋ ਰੋ ਦੱਸਦੇ ਹਾਲ ਵਿਛੋੜਾ,
ਕਿਵੇਂ ਗਮ ’ਚ ਸੀ ਝੂਰਦੇ, ਵਿਲਕਦੇ।

ਆਪਣੇ ਦੁੱਖ ਦਾ ਆਹਿਸਾਸ ਕਰਾ ਕੇ,
ਰੁਵਾ ਰੁਵਾ ਤੈਨੂੰ ਵੀ ਪਾਗਲ ਕਰਦੇ।

ਜ਼ਿੰਦਗੀ ਦੀਆ ਸੁੰਨੀਆ ਰਾਹਾਂ ’ਤੇ,
ਤੇਰੇ ਮਿਲਣੇ ਦਾ ਹੀ ਦਮ ਭਰਦੇ।

ਪ੍ਰਭਾਤ ਵੇਲੇ ਜਦ ਪੰਛੀ ਕੂਕਦੇ ,
ਜਜ਼ਬਾਤ ਦਿਲ ਅੰਦਰ ਉਭਰਦੇ।

ਆਜਾ ਸੱਜਣਾ ਕੋਲ ਹੁਣ ਮੇਰੇ,
ਨਾ ਹੋਰ ਜੁਦਾਈ ਝੱਲਦੇ ਜਰਦੇ।

# ਬੇਫ਼ਵਾਈ

ਜਦ ਵੀ ਤੇਰਾ ਜ਼ਿਕਰ ਮਹਿਫ਼ਲ 'ਚ ਹੋਇਆ,
ਲਰਜ਼ਤੇ ਹੱਥਾਂ ਨਾਲ਼ ਬੇਬਸੀ ਨੂੰ ਛੁਪਾਇਆ ।

ਅੱਖਾਂ ਅੱਗੇ ਫੇਰ ਚਿਹਰਾ ਤੇਰਾ ਘੁੰਮਿਆਂ,
ਤੇਰੀ ਬੇਵਫਾਈ 'ਚ ਸਭ ਕੁਝ ਲੁਟਾਇਆ ।

ਵੱਜੀ ਸੱਟ ਹਿਜ਼ਰ ਜ਼ਿੰਦਗੀ ਬੇਜ਼ਾਰ ਹੋਈ,
ਪਿਆਸੀ ਜ਼ਿੰਦ ਗਮ ਝੋਲ਼ੀ ਅਸਾਂ ਪੁਵਾਇਆ ।

ਵਫਾ ਤੇ ਜ਼ਫਾ ਇੱਕ ਸਿੱਕੇ ਦੇ ਦੋ ਪਹਿਲੂ,
ਫੇਰ ਕਿਉਂ ਮਹਿਫ਼ਲ 'ਚ ਪੀੜਾਂ ਰੁਲਾਇਆ ।

ਯਾਦ ਤੇਰੀ ਦਾ ਦਿਲ 'ਚ ਮਕਬਰਾ ਬਣਾ ਲਿਆ,
ਵਿਛੋੜੇ ਦੇ ਦਰਦ 'ਚ ਅਸਾਂ ਆਪਾ ਗੁਆਇਆ ।

# ਅਣਜੰਮੀ ਧੀ ਦੀ ਪੁਕਾਰ

ਮੈਂ ਤਾਂ ਹਾਂ ਮਾਸੂਮ ਬਾਬਲਾ,
ਨਾ ਮਾਰ ਮੈਨੂੰ ਕੁੱਖ ਅੰਦਰ,
ਕੱਢਾਂ ਮੈਂ ਹਾੜੇ, ਮਿੰਨਤਾਂ ਤੇਰੇ,
ਦੇਖ ਲਵਾ ਦੁਨੀਆ ਮੰਜਰ ।

ਮੈਂ ਵੀ ਪਾਵਾਂ ਮਾਂ ਦੀ ਮਮਤਾ,
ਦੇਖਾਂ ਇਹ ਦੁਨੀਆਂ ਪਿਆਰੀ,
ਹਾਂ ਅਮਾਨਤ ਭਾਵੇਂ ਪਰਾਈ,
ਬਣ ਰਹਾਂ ਮੈਂ ਤੇਰੀ ਦੁਲਾਰੀ ।

ਦਿਲ ਤੇਰੇ ਦਾ ਮੈਂ ਹਾਂ ਟੁਕੜਾ,
ਬਣਾ ਸਹਾਰਾ ਹਮੇਸ਼ਾ ਮੈਂ ਤੇਰਾ,
ਭਾਵੇਂ ਹਨੇਰੀਆਂ ਝੂਲਣ ਹਜ਼ਾਰਾਂ,
ਸੁੱਖ ਮੰਗੇ ਸਦਾ ਹੀ ਦਿਲ ਮੇਰਾ।

ਹਰਪਲ ਲੋਚਾਂ ਸੁੱਖ ਮੈਂ ਤੇਰੇ,
ਆਪਣੀ ਜਾਨ ਵੀ ਤੈਥੋਂ ਵਾਰਾਂ,
ਵਾਂਗ ਪਹਾੜ ਖੜ੍ਹ ਨਾਲ਼ ਤੇਰੇ,
ਤੇਰੇ ਦੁੱਖਾਂ ਨੂੰ ਮੈਂ ਆਪ ਸਹਾਰਾਂ।

ਸੁੱਖਾਂ ਤੇਰੇ ਦੀਆ ਛਾਂਵਾਂ ਮਾਨਾਂ,
ਤੇਰੇ ਦੁੱਖਾਂ ਨੂੰ ਮੈਂ ਦੂਰ ਭਜਾਵਾਂ,
ਕਰਾਂ ਦੁਆ ਇਹ ਰੱਬ ਤੋਂ ਹਮੇਸ਼ਾ,
ਦੂਰ ਰਹਿਣ ਭੈੜੀਆ ਬਲਾਵਾਂ।

ਦਰ ਜਦੋਂ ਭਿੜ ਜਾਵਣਗੇ ਸਾਰੇ,
ਮੈਂ ਆਪਣੇ ਗੱਲ ਨਾਲ ਲਾਵਾਂ,
ਧਨ ਪਰਾਇਆ ਭਾਵੇਂ ਬਾਬਲਾ,
ਖੈਰ ਤੇਰੀ ਹੀ ਮੈਂ ਰੋਜ਼ ਮਨਾਵਾਂ।

ਤੇਰੀ ਬਣਕੇ ਲਾਡੋ ਸਿਆਣੀ,
ਦੱਸੇ ਰਾਹਾਂ ਤੇ ਕਦਮ ਵਧਾਵਾਂ,
ਪਿਆਰ, ਦੁਲਾਰ, ਚਾਅ ਕਰਕੇ,
ਖ਼ੁਸ਼ੀਆ ਤੇਰੀ ਮੈਂ ਝੋਲ਼ੀ ਪਾਵਾਂ।

# ਦਿਲ

ਦਿਲ ਦੇ ਮਹਿਲ ਬਣਾ ਬਸੇਰਾ,
ਮਾਰਦਾ ਫਿਰੇ ਇਉਂ ਕਿਲਕਾਰੀ,
ਸਮਝ ਨਾ ਸਕਾਂ ਕੀ ਉਹ ਮੰਗੇ,
ਰਾਤ ਬੇਚੈਨੀ ’ਚ ਇਵੇਂ ਗੁਜ਼ਾਰੀ।

ਮੰਨ ’ਚ ਇਵੇਂ ਹਲਚਲ ਹੋਈ,
ਸੋਚਾਂ ਵਿੱਚ ਦਿਲ ਫਿਰ ਡੁੱਬਿਆ,
ਹੱਥ ਲਰਜ਼ੇ ਬੁੱਲ੍ਹ ਸਨ ਥਿਰਕੇ,
ਜਿਵੇਂ ਪਾਣੀ ਲਹਿਰਾਂ ’ਚ ਖੁੱਭਿਆ।

ਕੰਨਾਂ ਵਿੱਚ ਗੂੰਜਣ ਤਰੰਗਾਂ,
ਜਿਵੇਂ ਸਾਜ਼ ਕਿਧਰੇ ਕੋਈ ਛੇੜੇ,
ਹਵਾਵਾਂ ਵੀ ਮਿੱਠੀਆਂ ਲੱਗਣ,
ਤਰੰਗ ਮਿੱਠੀ ਇਉਂ ਮੰਨ ਖੇੜੇ।

ਦਿਲ ਪੰਛੀ ਇਉਂ ਫੜਫੜਾਏ,
ਨਾ ਹੀਲਾ ਕੋਈ ਕਿਧਰੇ ਲੱਭੇ,
ਦੱਬਣਾ ਚਾਹੇ ਖਿਆਲ ਤਰੰਗਾਂ,
ਪਰ ਵੱਸ ਨਾ ਕੋਈ ਹੁਣ ਚੱਲੇ।

ਪਿਆਰ ਤਰੰਗਾਂ ਜਦ ਉੱਠਣ,
ਜ਼ੁਦਾਈ ਨਾ ਫੇਰ ਦਿਲ ਝੱਲੇ,
ਦਿਮਾਗ਼ ਦੇਵੇ ਮੱਤਾਂ ਭਾਵੇਂ,
ਦਿਲ ਦਾ ਵੱਸ ਨਾ ਹੁਣ ਚੱਲੇ।

# ਫਿਤਰਤ

ਵਿਛੜਿਆਂ ਨੂੰ ਇਉਂ ਯਾਦ ਕਰ ਰੋਣਾ,
ਬਣ ਗਈ ਇਹੀ ਫਿਤਰਤ ਮੇਰੀ ।

ਆਪਣਿਆਂ ਨੇ ਤਾਂ ਸਾਥ ਛੱਡਿਆ,
ਕਹਿੰਦੇ ਰੋਣ ਦੀ ਆਦਤ ਤੇਰੀ ।

ਦਿਲ ਦੇ ਜ਼ਖ਼ਮ ਕਦੇ ਸੀਅ ਨਾ ਸਕੀ,
ਇਹੀ ਬਣ ਗਈ ਹੁਣ ਕਿਸਮਤ ਮੇਰੀ ।

ਪਿਆਰ ਦੀਆਂ ਜੋ ਪੀਂਘਾਂ ਝੂਟਾਂ,
ਕਿੱਥੇ ਹੈ ਇਹ ਤਕਦੀਰ ਮੇਰੀ ।

ਸੱਲ ਤਾਂ ਇਹੀ ਹਮੇਸ਼ਾ ਰਹਿਣਾ,
ਤੂੰ ਦੱਸ ਸਹੀ ਕੋਈ ਕਮੀ ਮੇਰੀ ।

ਉਂਞ ਤਾਂ ਲੋਕ ਸਿਆਣੀ ਆਖਣ,
ਪਿਆਰ ਨਾ ਝੋਲ਼ੀ ਪਾਵਣ ਮੇਰੀ ।

ਰੱਖ ਦਿਲਾਸਾ ਤੂੰ ਦਿਲਾ ਮੇਰਿਆ,
ਕਦੇ ਆਊ ਬਹਾਰ ਜ਼ਿੰਦਗੀ ਤੇਰੀ ।

ਮਿਟ ਜਾਣ ਗਿਲੇ ਸ਼ਿਕਵੇ ਤੇਰੇ,
ਖਿੱਲ ਜਾਵੇਗੀ ਦਿਲ ਬਾਗੀਚੀ ਤੇਰੀ ।